Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਜੁਲਾਈ 2018 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਉਂਦੇ ਹੋਏ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸੰਖੇਪ ਜੀਵਨ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਸਿੱਖ ਕੌਮ ਦੇ ਅੱਠਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 8 ਸਾਵਣ, ਸੰਮਤ 1713 (7 ਜੁਲਾਈ, ਸੰਨ 1656) ਨੂੰ ਕੀਰਤਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ ਹੋਇਆ। ਗੁਰੂ ਸਾਹਿਬ ਜੀ ਸਭ ਤੋਂ ਛੋਟੀ ਉਮਰ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਰੱਬੀ ਖਜ਼ਾਨੇ ਦੇ ਮਾਲਿਕ ਸਨ। ਉਸ ਸਮੇਂ ਦਿੱਲੀ ਦੇ ਤਖ਼ਤ ਤੇ ਸ਼ਾਹਜਹਾਨ ਦਾ ਰਾਜ ਸੀ।

ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਪਣਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ, ਆਪਣੇ ਛੋਟੇ ਸਾਹਿਬਜ਼ਾਦੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਯੋਗ ਤੇ ਸਮਰੱਥ ਸਮਝ ਕੇ ਕੀਰਤਪੁਰ ਸਾਹਿਬ ਵਿੱਚ ਵੱਡਾ ਦਰਬਾਰ ਲਾਇਆ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਿੱਛੋਂ ਗੁਰੂ-ਘਰ ਵਿੱਚ ਚਲੀ ਆਉਂਦੀ ਮਰਯਾਦਾ ਅਨੁਸਾਰ ਬਾਬਾ ਬੁੱਢਾ ਜੀ ਨੂੰ ਸੱਦ ਕੇ ਕਿਹਾ ਕਿ ਗੁਰਤਾਗੱਦੀ ਦੀ ਰਸਮ ਅਦਾ ਕਰੋ। ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਮੱਥਾ ਟੇਕਿਆ ਤੇ ਫਿਰ ਭਾਈ ਭਾਨਾ ਜੀ ਤੇ ਸਾਰੀ ਸੰਗਤ ਨੇ ਨਜ਼ਰਾਨੇ ਭੇਟ ਕੀਤੇ। ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ। 6 ਕੱਤਕ, ਸੰਮਤ 1718 ਅਨੁਸਾਰ 7 ਅਕਤੂਬਰ, ਸੰਨ 1661 ਈ: ਦੇ ਦਿਹਾੜੇ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ।

ਰਾਮ ਰਾਇ ਨੇ ਇਸ ਗੱਲ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਔਰੰਗਜ਼ੇਬ ਨੇ ਸ਼ਾਹੀ ਹੁਕਮ ਭੇਜ ਦਿੱਤਾ ਕਿ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਆਉਣ ਅਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ। ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਰਾਮ ਰਾਇ ਦੀਆਂ ਸਾਰੀਆਂ ਗੱਲਾਂ ਨੂੰ ਵਿਚਾਰ ਕੇ ਉਸ ਦੇ ਵਰਾਸਤੀ ਹੱਕ ਦਾ ਮੁਕੱਦਮਾ ਖਾਰਜ ਕਰ ਦਿੱਤਾ। ਰਾਮ ਰਾਇ ਨੇ ਦੇਹਰਾਦੂਨ ਵਿਖੇ ਔਰੰਗਜ਼ੇਬ ਵੱਲੋਂ ਦਿੱਤੀ ਹੋਈ ਜਗੀਰ ਵਿਚ ਹੀ ਟਿਕਾਣਾ ਕੀਤਾ। ਰਾਜਾ ਜੈ ਸਿੰਘ ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਉਸ ਨੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਸਤਿਗੁਰੂ ਜੀ ! ਆਪ ਦਿੱਲੀ ਜਾ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ, ਬਾਦਸ਼ਾਹ ਨਾਲ ਭਾਵੇਂ ਮੁਲਾਕਾਤ ਨਾ ਕਰਨੀ। ਸੰਗਤਾਂ ਆਪ ਜੀ ਦੇ ਦੀਦਾਰ ਕਰਨ ਵਾਸਤੇ ਬਹੁਤ ਉਤਾਵਲੀਆਂ ਹਨ। ਬੇਨਤੀ ਪ੍ਰਵਾਨ ਕਰੋ ਜੀ। ਇੱਛਾ ਪੂਰਕ ਸਤਿਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ।

ਸਤਿਗੁਰਾਂ ਦੇ ਹੁਕਮ ਨਾਲ ਕੀਰਤਪੁਰ ਸਾਹਿਬ ਤੋਂ ਦਿੱਲੀ ਜਾਣ ਵਾਸਤੇ ਤਿਆਰੀ ਕੀਤੀ ਗਈ। ਮਾਤਾ ਕਿਸ਼ਨ ਕੌਰ ਜੀ ਵੀ ਨਾਲ ਜਾਣ ਵਾਸਤੇ ਤਿਆਰ ਹੋ ਗਏ। ਕੁਝ ਮੁਖੀ ਮਸੰਦਾਂ ਵਿੱਚੋ ਬਾਈ ਸੰਤ ਰਾਮ, ਪੰਜਾਬਾ ਮਸੰਦ, ਗੁਰਬਖਸ਼ ਮਸੰਦ ਵੀ ਤਿਆਰ ਹੋ ਗਏ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਸਮੇਤ ਥਾਨੇਸਰ, ਪਾਣੀਪਤ ਦੇ ਰਸਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੁਰੂਕਸ਼ੇਤਰ ਪਹੁੰਚ ਕੇ ਡੇਰਾ ਕੀਤਾ।

ਪੰਜੋਖਰਾ ਸਾਹਿਬ ਵਿਖੇ ਸਤਿਗੁਰਾਂ ਦੀ ਮਹਿਮਾਂ ਸੁਣ ਕੇ ਲਾਲੂ ਨਾਮ ਦਾ ਇੱਕ ਵਿਦਵਾਨ ਪੰਡਿਤ, ਜੋ ਸਤਿਗੁਰਾਂ ਦੀ ਵਡਿਆਈ ਵੇਖ ਕੇ ਸੜ-ਬਲ ਗਿਆ ਸੀ ਅਤੇ ਗਿਆਨ-ਚਰਚਾ ਵਿਚ ਤੀਖਣ ਬੁੱਧੀ ਹੋਣ ਕਰਕੇ ਆਪਣੇ ਆਪ ਨੂੰ ਉਸਤਾਦ ਸਮਝਦਾ ਸੀ, ਨੇ ਕਿਹਾ ਕਿ ਇਹ ਕੌਣ ਹਨ, ਜਿਨ੍ਹਾਂ ਦੀ ਮਹਿਮਾ ਕਰਦੇ ਸਾਰੇ ਥੱਕਦੇ ਨਹੀਂ? ਉਸ ਨੂੰ ਪਤਾ ਲੱਗਾ ਇਹ ਦੁਨੀਆਂ ਦੇ ਵਾਲੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ। ਇਹ ਸੁਣ ਕੇ ਪੰਡਿਤ ਲਾਲੂ ਕਹਿਣ ਲੱਗਾ, ਇਹ ਕਦੇ ਨਹੀਂ ਹੋ ਸਕਦਾ। ਦੁਆਪਰ ਦੇ ਅਵਤਾਰ ਸ਼੍ਰੀ ਗੁਰੂ ਹਰਿਕ੍ਰਿਸ਼ਨ ਨੇ ਗੀਤਾ ਲਿਖੀ ਹੈ, ਇਹ ਹਰਿਕ੍ਰਿਸ਼ਨ ਉਸ ਗੀਤਾ ਦੇ ਅਰਥ ਨਹੀਂ ਕਰ ਸਕਦੇ। ਲਾਲੂ ਦੀਆਂ ਹੰਕਾਰ ਭਰੀਆਂ ਗੱਲਾਂ ਸੁਣ ਕੇ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਜਾ ਦੱਸਿਆ। ਸਤਿਗੁਰੂ ਜੀ ਕਹਿਣ ਲੱਗੇ, ਪੰਡਿਤ ਨੂੰ ਕਹੋ ਕਿ ਉਹ ਸਾਡੇ ਪਾਸ ਆਵੇ। ਹੰਕਾਰੀ ਪੰਡਿਤ ਕੁਝ ਗ੍ਰੰਥ ਅਤੇ ਗੀਤਾ ਲੈ ਕੇ ਆਇਆ। ਸਤਿਗੁਰਾਂ ਨੇ ਮਿੱਠੇ ਸ਼ਬਦਾਂ ਵਿਚ ਕਿਹਾ, ਆਓ ਪੰਡਿਤ ਜੀ, ਕੀ ਫੁਰਨਾ ਹੈ ਆਪ ਦਾ? ਪੰਡਿਤ ਨੇ ਕਿਹਾ, ਗੁਰੂ ਜੀ ਮੈਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹਾਂ। ਆਪ ਜੀ ਇਸ ਦੇ ਅਰਥ ਕਰ ਕੇ ਸਮਝਾਵੋ।

ਹਜ਼ੂਰ ਨੇ ਕਿਹਾ, ਪੰਡਿਤ ਜੀ! ਆਪ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰੋਏ ਮਤ ਨੂੰ ਪਰਖਣਾ ਚਾਹੁੰਦੇ ਹੋ? ਲਾਲੂ ਨੇ ਕਿਹਾ, ਹਾਂ ਜੀ। ਸਤਿਗੁਰਾਂ ਨੇ ਛੱਜੂ ਰਾਮ ਝੀਵਰ ਨੂੰ ਆਪਣੇ ਨੇੜੇ ਬਿਠਾ ਕੇ ਲਾਲੂ ਨੂੰ ਅਰਥ ਪੁੱਛਣ ਵਾਸਤੇ ਕਿਹਾ। ਗੁਰੂ ਜੀ ਦੇ ਹੁਕਮ ਅਨੁਸਾਰ ਛੱਜੂ ਰਾਮ ਨੇ ਗੀਤਾ ਦੇ ਅਰਥ ਬਿਬੇਕ-ਬੁੱਧੀ ਸਹਿਤ ਇਸ ਤਰ੍ਹਾਂ ਕੀਤੇ ਕਿ ਲਾਲੂ ਦੰਗ ਰਹਿ ਗਿਆ। ਲੋਕ ਸੁਣ ਕੇ ਹੈਰਾਨ ਹੋ ਗਏ। ਪੰਡਿਤ ਲਾਲੂ ਨੇ ਸਤਿਗੁਰੂ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਬੇਨਤੀ ਕੀਤੀ, ਸਤਿਗੁਰੂ ਜੀ, ਮੈਂ ਹੰਕਾਰੀ ਤੇ ਮੂਰਖਤਾ ਵੱਸ ਬਹੁਤ ਵੱਡੀ ਭੁੱਲ ਕਰ ਬੈਠਾ ਹਾਂ, ਮੇਰੇ ਤੇ ਕਿਰਪਾ ਕਰੋ, ਮੈਂ ਆਪ ਜੀ ਦੀ ਅਜ਼ਮਤ ਦੀ ਪਛਾਣ ਨਹੀਂ ਕੀਤੀ।

ਗੁਰੂ ਜੀ ਨੇ ਪੰਜੋਖਰੇ ਦੀਆਂ ਸੰਗਤਾਂ ਨੂੰ ਨਾਮ-ਦਾਨ ਦੇ ਕੇ ਦਿੱਲੀ ਵੱਲ ਜਾਣ ਦੀ ਤਿਆਰੀ ਕਰ ਲਈ। ਦਿੱਲੀ ਜਾ ਕੇ ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਦੇ ਘਰ ਸਤਿਗੁਰਾਂ ਦੇ ਆਉਣ ਦੀ ਖੁਸ਼ੀ ਵਿਚ ਬੜੀਆਂ ਰੌਣਕਾਂ ਲੱਗੀਆਂ। ਰਾਜੇ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤੇ ਗੁਰੂ ਜੀ ਨੂੰ ਪਰਖਣ ਵਾਸਤੇ ਅਮੀਰ ਘਰ ਦੀਆਂ ਬੀਬੀਆਂ ਨੂੰ ਆਪਣੇ ਮਹੱਲਾਂ ਵਿਚ ਸੱਦ ਲਿਆ। ਮਨ ਵਿਚ ਫੁਰਨਾ ਧਾਰ ਲਿਆ ਕਿ ਜੇ ਗੁਰੂ ਜੀ ਸੱਚੇ ਹੋਣਗੇ ਤਾਂ ਇਨ੍ਹਾਂ ਸਾਰੀਆਂ ਨੂੰ ਛੱਡ ਕੇ ਮੇਰੀ ਗੋਦ ਨੂੰ ਭਾਗ ਲਾਉਣਗੇ। ਇੱਛਾ ਪੂਰਕ ਸਤਿਗੁਰੂ ਸ਼੍ਰੀ ਹਰਿਕ੍ਰਿਸ਼ਨ ਸਾਹਿਬ ਰਣਵਾਸ ਵਿਚ ਗਏ। ਸਭਨਾਂ ਦੇ ਵਿੱਚੋਂ ਦੀ ਲੰਘ ਕੇ ਰਾਣੀ ਦੀ ਗੋਦ ਵਿੱਚ ਬੈਠ ਗਏ ਤੇ ਕਹਿਣ ਲੱਗੇ, ਇਹੋ ਹੈ ਵੱਡੀ ਰਾਣੀ, ਰਾਜੇ ਦੀ ਪਟਰਾਣੀ। ਗੁਰੂ ਜੀ ਨੇ ਰਾਣੀ-ਰਾਜੇ ਦੇ ਮਨੋਰਥ ਪੂਰੇ ਕੀਤੇ। ਦੁਖੀਆਂ ਦੇ ਦੁੱਖ ਦੂਰ ਕੀਤੇ।

ਫੱਗਣ/ਚੇਤਰ ਬਸੰਤ ਦੀ ਰੁੱਤ ਸੀ। ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਇਹ ਛੂਤ ਦੀ ਬਿਮਾਰੀ ਸੀ। ਜਿਸ ਆਦਮੀ ਨੂੰ ਸ਼ੁਰੂ ਹੋ ਜਾਂਦੀ, ਉਸ ਨੂੰ ਬੇਅੰਤ ਭੈੜੇ ਜਿਰਮ ਪੈਦਾ ਹੋ ਕੇ ਤਾਪ ਚੜ੍ਹ ਜਾਂਦਾ। ਸਰੀਰ ਤੇ ਨਿੱਕੇ-ਨਿੱਕੇ ਫੁਹਾਰੇ ਨਿਕਲ ਆਉਂਦੇ। ਕੁਝ ਦਿਨਾਂ ਵਿਚ ਹੀ ਉਸ ਦੀ ਮੌਤ ਹੋ ਜਾਂਦੀ। ਦੀਨ-ਦੁਨੀਆ ਦੇ ਵਾਲੀ ਨੇ ਸੰਗਤਾਂ ਸਮੇਤ ਦੁਖੀਆਂ ਦੀ ਆਪ ਸੇਵਾ ਕੀਤੀ। ਸੇਵਾ ਕਰਦਿਆਂ ਇਸ ਬਿਮਾਰੀ ਨੇ ਸਤਿਗੁਰਾਂ ਤੇ ਵੀ ਹਮਲਾ ਕਰ ਦਿੱਤਾ। ਸਤਿਗੁਰੂ ਜੀ ਫਿਰ ਵੀ ਦੁਖੀਆਂ ਦੀ ਸੇਵਾ ਕਰਦੇ ਰਹੇ। ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਸੰਗਤਾਂ ਨੂੰ ਧੀਰਜ ਦੇ ਕੇ ਕਿਹਾ ਕਿ ਸਾਡਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਕਿਸੇ ਸਿੱਖ ਨੇ ਰੁਦਨ ਨਹੀਂ ਕਰਨਾ। ਭਾਣੇ ਵਿਚ ਰਹਿ ਕੇ ਪਰਮੇਸ਼ਵਰ ਦਾ ਸਿਮਰਨ ਕਰਨਾ। ਸਿੱਖਾਂ ਨੇ ਬੇਨਤੀ ਕੀਤੀ, ਗਰੀਬ ਨਿਵਾਜ ਸਤਿਗੁਰੂ ਜੀ! ਅੱਗੇ ਤੋਂ ਕੌਣ ਆਪ ਜੀ ਦੀ ਥਾਂ ਅਸਾਂ ਦੁਖੀਆਂ ਦੀ ਬਾਂਹ ਫੜੇਗਾ? ਸਤਿਗੁਰੂ ਨੇ ਹੁਕਮ ਕੀਤਾ, "ਬਾਬਾ ਬਕਾਲੇ ਹੈ। ਸਾਡੇ ਤੋਂ ਬਾਅਦ ਉਹ ਦੀਨ-ਦੁਨੀਆਂ ਦੇ ਮਾਲਿਕ ਹੋਣਗੇ।"

**ਜਿਉ ਜਲ ਮਹਿ ਜਲੁ ਆਇ ਖਟਾਨਾ।।**
**ਤਿਉ ਜੋਤੀ ਸੰਗ ਜੋਤਿ ਸਮਾਨਾ।।**

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।।

# (ਪੰਨਾ 515)

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਅਗਸਤ - 17-8-2018 (ਸ਼ੁੱਕਰਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਝਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 77 | ਜੁਲਾਈ - 2018



| | | |
|---|---|---|
| 1. | ਗੁਰੂ ਹਰਿਗੋਬਿੰਦ ਸਾਹਿਬ ਜੀ | 5 |
| 2. | ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ | 7 |
| 3. | ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ | 10 |
| 4. | ਬੁਧਿ ਬਦਲੀ ਸਿਧਿ ਪਾਈ | 15 |
| 5. | ਸ਼ਬਦਾਂ ਦੇ ਸੰਯੋਗ | 17 |
| 6. | ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ | 18 |
| 7. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 20 |
| 8. | ਜਦੋਂ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਫ਼ਤਹਿ... | 22 |
| 9. | ਚਿੱਟੇ ਨੇ ਪੁੱਤ ਖੋਹ ਲੈ ਮਾਂਵਾਂ ਦੇ | 24 |
| 10. | ਵਿਸਰਦਾ ਜਾਂਦਾ ਪੰਜਾਬੀ ਵਿਰਸਾ | 27 |
| 11. | ਸ਼ੋਕ ਸਮਾਚਾਰ | 28 |
| 12. | ਸ਼ੋਕ ਸਮਾਚਾਰ | 29 |
| 13. | ਕਾਵਿ-ਕਿਆਰੀ | 31 |
| 14. | ਸਿਹਤ ਸੰਭਾਲ | 32 |
| 15. | ਗਰਾਂਟ ਆਫ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ 2018-19 | 33-37 |
| 16. | Merchant Navy | 38 |
| 17. | ਦਾਨੀ ਸੱਜਣਾਂ ਦੀ ਸੂਚੀ | 39 |
| 18. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਗੁਰੂ ਹਰਿਗੋਬਿੰਦ ਸਾਹਿਬ ਜੀ



**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**

**"ਪੰਜਿ ਪਿਆਲੇ" ਤੋਂ ਭਾਵ ਹੈ ਪੰਜ ਸ਼ੁਭ ਗੁਣ:** ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

**"ਪੰਜਿ ਪੀਰ" ਦੇ ਅਰਥ ਹਨ :** ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤਕ ਹੋਏ ਪੰਜ ਸਿੱਖ ਗੁਰੂ ਸਾਹਿਬਾਨ।

"ਦਲਿਭੰਜਨ, ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ" ਭਾਵ ਗੁਰੂ ਹਰਿਗੋਬਿੰਦ ਸਾਹਿਬ ਸਿਫ਼ਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

"ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ" ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਪਾਵਨ ਜੋਤਿ ਦੇ ਸਰੂਪ ਸਨ। ਸਰੀਰਾਂ ਵਿਚ ਹੀ ਭੇਦ ਸੀ, ਜੋਤਿ ਇਕੋ ਸੀ।

ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ੨੧ ਹਾੜ ਸੰਮਤ ਨਾਨਕਸ਼ਾਹੀ ੧੨੭ (੧੯ ਜੂਨ ੧੫੯੫) ਮੁਤਾਬਕ ਹਾੜ ਵਦੀ ੭, ੨੧ ਹਾੜ ਸੰਮਤ ੧੬੫੨ ਬਿ. ਨੂੰ ਨਗਰ ਵਡਾਲੀ ਵਿਖੇ ਪ੍ਰਗਟ ਹੋਏ। ਇਸ ਕਰਕੇ ਉਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ।

ਜਦੋਂ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਲੱਗੇ, ਉਨ੍ਹਾਂ ਨੇ ਸੰਗਤ ਵਿਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਪਿੱਛੋਂ ਗੁਰਿਆਈ ਦਾ, ਗੱਦੀ ਦਾ ਮਾਲਕ ਸਾਹਿਬਜ਼ਾਦਾ ਹਰਿਗੋਬਿੰਦ ਹੈ। ਸੋ ੨੮ ਜੇਠ ਸੰਮਤ ਨਾਨਕਸ਼ਾਹੀ ੧੩੮ (੨੫ ਮਈ ੧੬੦੬ ਈ. ਐਤਵਾਰ ਜੇਠ ਵਦੀ ੧੪ ਮਿਤੀ ੨੮ ਜੇਠ ਸੰਮਤ ੧੬੬੩ ਬਿ:) ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ। ਉਸ ਵੇਲੇ ਗੁਰੂ ਹਰਿਗੋਬਿੰਦ ਜੀ ਦੀ ਉਮਰ ੧੦ ਸਾਲ, ੧੦ ਮਹੀਨੇ ਦੇ ਕਰੀਬ ਸੀ। ਗੁਰਿਆਈ ਦੀ ਗੱਦੀ 'ਤੇ ਬੈਠਣ ਲੱਗਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਇਕ ਸੱਜੇ ਪਾਸੇ ਪਹਿਨੀ ਤੇ ਦੂਜੀ ਖੱਬੇ ਪਾਸੇ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ ਜਿਨ੍ਹਾਂ ਵਿਚ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁਲਾ ਨੇ ਇਸ ਤਰ੍ਹਾਂ ਕੀਤਾ ਹੈ:




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


**ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।**

ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-ਬਲ ਤੇ ਰਾਜ-ਬਲ ਇਕੱਠੇ ਕੰਮ ਕਰਨਗੇ। ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇੱਕ ਹੋਣਗੇ ਪਰ ਇੱਕ ਸ਼ਕਤੀ ਦੂਸਰੇ ਦੇ ਅਧੀਨ ਨਹੀਂ ਹੋਵੇਗੀ ਸਗੋਂ ਦੋਵੇਂ ਆਪਣੀ-ਆਪਣੀ ਥਾਂ ਸੰਭਾਲਦੀਆਂ ਮਿਲ ਕੇ ਚੱਲਣਗੀਆਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ ਕਿ ਧਰਮ ਤੇ ਰਾਜਨੀਤੀ ਮਿਲ ਕੇ ਚੱਲਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਨੂੰ ਪਾਤਸ਼ਾਹੀ ਤਖ਼ਤ ਦਾ ਰੂਪ ਦੇ ਦਿੱਤਾ। ਆਪ ਪੰਜ ਸ਼ਸਤਰ ਪਹਿਨ ਕੇ ਸੀਸ ਉੱਪਰ ਕਲਗੀ ਸਜਾ ਕੇ ਗੁਰ-ਗੱਦੀ ਉੱਪਰ ਬੈਠਦੇ। ਜੋ ਸਿੱਖ ਸ਼ਸਤਰ ਜਾਂ ਘੋੜਾ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਇਸ ਤੋਂ ਬਾਅਦ ਹਰਿਮੰਦਰ ਸਾਹਿਬ ਦੀ

ਦਰਸ਼ਨੀ ਡਿਉਢੀ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੋਹਾਂ ਦਾ ਆਪਣਾ-ਆਪਣਾ ਮਹੱਤਵ ਹੈ। ਹਰਿਮੰਦਰ ਸਾਹਿਬ ਸਿੱਖੀ ਦਾ ਧਾਰਮਿਕ ਚਿੰਨ੍ਹ ਹੈ ਤਾਂ ਅਕਾਲ ਤਖ਼ਤ ਸਾਹਿਬ ਰਾਜਨੀਤੀ ਦਾ ਪ੍ਰਤੱਖ ਪ੍ਰਮਾਣ। ਇਸ ਤਰ੍ਹਾਂ ਸਿੱਖ ਧਰਮ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਹੀ ਰਾਜ-ਸ਼ਕਤੀ ਦਾ ਪ੍ਰਤੀਕ, ਜੁਗੋ-ਜੁਗ ਅਟੱਲ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਨੂੰ ਬਖ਼ਸ਼ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਕੇਸਰੀ ਨਿਸ਼ਾਨ ਸਾਹਿਬ, ਜਿਵੇਂ ਸੁਚੇਤ ਪਹਿਰੇਦਾਰ ਖੜੋਤੇ ਹੋਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬਿਧੀ ਚੰਦ ਵਰਗੇ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ।

ਦਿੱਲੀ ਵਿਖੇ ਇਕ ਘਾਹੀ ਸਾਰੀ ਦਿਹਾੜੀ ਦੀ ਕਮਾਈ ਇਕ ਟਕਾ ਅਤੇ ਗੁਰੂ ਦੇ ਘੋੜਿਆਂ ਲਈ ਘਾਹ ਦੀ ਪੰਡ ਲਿਆਇਆ। ਦੋ ਕੈਂਪ ਲੱਗੇ ਦੇਖ ਕੇ ਭੁਲੇਖੇ ਨਾਲ ਜਹਾਂਗੀਰ ਦੇ ਕੈਂਪ ਚਲਾ ਗਿਆ। ਚੋਬਦਾਰ ਨੇ ਰੋਕਿਆ ਪਰ ਮੁਸਾਹਿਬਾਂ ਨੇ ਕੋਈ ਫ਼ਰਿਆਦੀ ਸਮਝ ਅੰਦਰ ਜਾਣ ਦਿੱਤਾ। ਘਾਹੀ ਨੇ ਜਾਂਦਿਆਂ ਟਕਾ ਅੱਗੇ ਰੱਖਿਆ ਤੇ ਘਾਹ ਦੀ ਪੰਡ ਸਵੀਕਾਰ ਕਰਨ ਲਈ ਕਿਹਾ ਤੇ ਫਿਰ ਅਰਜੋਈ ਕੀਤੀ ਕਿ ਇਥੇ ਉਥੇ ਸਹਾਇਤਾ ਕਰਨੀ। ਜਹਾਂਗੀਰ ਨੇ ਜਾਗੀਰ ਲਿਖਾਉਣ ਦੀ ਗੱਲ ਕਹੀ ਤਾਂ ਘਾਹੀ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਗ਼ਲਤ ਜਗ੍ਹਾ 'ਤੇ ਆ ਗਿਆ ਹੈ। ਟਕਾ ਉਠਾ ਕੇ ਘਾਹ ਦੀ ਪੰਡ ਚੁੱਕ ਕੇ ਨਾਲ ਦੇ ਕੈਂਪ ਵਿਚ ਆਇਆ ਤੇ ਸ਼ਰਧਾ ਨਾਲ ਗੁਰੂ-ਚਰਨਾਂ ਨੂੰ ਪਕੜ ਕੇ ਰੋ-ਰੋ ਕੇ ਖ਼ਿਮਾ ਮੰਗਣ ਲੱਗਾ ਕਿ ਸੱਚੇ ਪਾਤਸ਼ਾਹ! ਗ਼ਲਤ ਦਰ 'ਤੇ ਚਲਾ ਗਿਆ ਸੀ। ਜਹਾਂਗੀਰ ਉੱਤੇ ਇਸ ਘਟਨਾ ਦਾ ਡੂੰਘਾ ਅਸਰ ਪਿਆ।

ਪੰਜਾਬ ਦੇ ਲੋਕਾਂ ਵਿਚ ਗੁਰੂ ਸਾਹਿਬ ਦਾ ਅਸਰ ਵਧਦਾ ਮਹਿਸੂਸ ਕਰਦਿਆਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਨਜ਼ਰਬੰਦੀ ਦੌਰਾਨ ਮਹਾਰਾਜ ਨੂੰ ਜੋ ਰਕਮ ਮਿਲਦੀ ਉਹ ਹੋਰ ਕੈਦੀਆਂ (ਜਿਨ੍ਹਾਂ ਵਿਚ ਕਈ ਰਾਜੇ ਵੀ ਸਨ, ਜੋ ਨਰਕ ਵਾਲਾ ਜੀਵਨ ਬਤੀਤ ਕਰ ਰਹੇ ਸਨ) 'ਤੇ ਖਰਚ ਕਰ ਦਿੰਦੇ ਸਨ। ਗੁਰਦੇਵ ਦੇ ਜਾਣ ਨਾਲ ਸਾਰਾ ਵਾਤਾਵਰਨ ਹੀ ਬਦਲ ਗਿਆ। ਸਾਈਂ ਮੀਆਂ ਮੀਰ ਜੀ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖਲੀਫ਼ਾ 'ਉਮਰ' ਦੀ ਅੰਸ ਵਿੱਚੋਂ ਸਨ, ਮੁਸਲਮਾਨਾਂ ਵਿਚ ਉਨ੍ਹਾਂ ਦਾ ਬਹੁਤ ਅਸਰ-ਰਸੂਖ ਸੀ। ਉਨ੍ਹਾਂ ਦਾ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦੀ ਤੋਂ ਰਿਹਾਅ ਕਰਵਾਉਣ ਵਿਚ ਵੱਡਾ ਹੱਥ ਸੀ। ਜਦ ਵਜ਼ੀਰ ਖਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਗੁਰੂ ਸਾਹਿਬ ਦੀ ਜ਼ਮਾਨਤ ਉੱਪਰ ਸਭ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸੋ ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਖੁੱਲ੍ਹਾ ਚੋਗਾ ਬਣਵਾਇਆ ਤੇ ਉਸ ਦੀ ਇਕ-ਇਕ ਕਲੀ ਉਨ੍ਹਾਂ ਬਵੰਜਾ ਰਾਜਿਆਂ ਦੇ ਹੱਥ ਫੜਾ ਕੇ ਸਭ ਨੂੰ ਲੈ ਕੇ ਹੀ ਕਿਲ੍ਹੇ ਤੋਂ ਬਾਹਰ ਆਏ। ਇਸ ਉਪਕਾਰ ਦਾ ਸਦਕਾ ਲੋਕ ਗੁਰੂ ਮਹਾਰਾਜ ਨੂੰ ਬੰਦੀਛੋੜ ਕਹਿਣ ਲੱਗ ਪਏ।

ਬਾਦਸ਼ਾਹ ਨੇ ਚੰਦੂ ਨੂੰ ਮੁਜ਼ਰਮ ਦੀ ਹੈਸੀਅਤ ਵਿਚ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਲਾਹੌਰ ਪਹੁੰਚੇ। ਸਿੱਖਾਂ ਦੇ ਦਿਲਾਂ ਵਿਚ ਚੰਦੂ ਵਿਰੁੱਧ ਬਹੁਤ ਗੁੱਸਾ ਸੀ। ਸੋ ਸਿੱਖਾਂ ਨੇ ਚੰਦੂ ਨੂੰ ਬੁਰੀ ਹਾਲਤ 'ਚ ਸਾਰੇ ਸ਼ਹਿਰ ਵਿਚ ਫੇਰਿਆ। ਜਦੋਂ ਚੰਦੂ ਉਸ ਭਠਿਆਰੇ ਸਾਹਮਣੇ ਗਿਆ, ਜਿਸ ਨੂੰ ਕਦੇ ਚੰਦੂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੀਸ ਵਿਚ ਸੜਦੀ ਰੇਤ ਪਾਉਣ ਵਾਸਤੇ ਮਜਬੂਰ ਕੀਤਾ ਸੀ ਤਾਂ ਭਠਿਆਰਾ ਆਪਣੇ ਕ੍ਰੋਧ 'ਤੇ ਕਾਬੂ ਨਾ ਪਾ ਸਕਿਆ। ਉਸ ਨੇ ਉਹੀ ਕੜਛਾ (ਜਿਸ ਨਾਲ ਗੁਰੂ ਸਾਹਿਬ 'ਤੇ ਰੇਤ ਪਾਈ ਸੀ) ਚੰਦੂ ਦੇ ਸਿਰ ਉੱਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਚੰਦੂ ਦੀ ਮੌਤ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ੧੬੬੩ ਤੋਂ ੧੬੬੫ ਬਿ., ਕਿਲ੍ਹਾ ਲੋਹਗੜ੍ਹ, ਲਾਹੌਰ ਵਿਚ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਅਸਥਾਨ ਡੇਹਰਾ ਸਾਹਿਬ ੧੬੭੦ ਵਿਚ, ਹਰਿਗੋਬਿੰਦਪੁਰਾ ੧੯ ਅੱਸੂ ੧੬੭੭ ਵਿਚ ਅਤੇ ਕੀਰਤਪੁਰ ੧੬੮੩ ਵਿਚ ਪਹਾੜੀਆਂ ਦੇ ਨੇੜੇ ਵਸਾਇਆ।

ਗੁਜਰਾਤ ਵਿਚ ਪੀਰ ਸ਼ਾਹ ਦੌਲਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਲਾਕਾਤ ਹੋਈ। ਗੁਰੂ ਸਾਹਿਬ ਦਾ ਠਾਠ ਦੇਖ ਕੇ ਉਸ ਨੇ ਚਾਰ ਸਵਾਲ ਕੀਤੇ:

**ਔਰਤ ਕੀ ਤੇ ਫ਼ਕੀਰੀ ਕੀ? ਹਿਦੂ ਕੀ ਤੇ ਪੀਰੀ ਕੀ?**
**ਪੁੱਤਰ ਕੀ ਤੇ ਵੈਰਾਗ ਕੀ? ਦੌਲਤ ਕੀ ਤੇ ਤਿਆਗ ਕੀ?**
ਗੁਰੂ ਸਾਹਿਬ ਨੇ ਉੱਤਰ ਦਿੱਤਾ:
**ਔਰਤ ਈਮਾਨ ਹੈ। ਪੁੱਤਰ ਨਿਸ਼ਾਨ ਹੈ।**
**ਦੌਲਤ ਗੁਜ਼ਰਾਨ ਹੈ। ਫ਼ਕੀਰ ਨਾ ਹਿੰਦੂ ਨਾ ਮੁਸਲਮਾਨ ਹੈ।**





ਕਾਬਲ ਤੇ ਪਿਸ਼ਾਵਰ ਦੀ ਸੰਗਤ ਦੇ ਨਾਲ ਇਲਾਕੇ ਦੇ ਮਸੰਦ ਭਾਈ ਤਾਰਾ ਚੰਦ ਤੇ ਬਖਤ ਮੱਲ ਗੁਰੂ ਮਹਾਰਾਜ ਵਾਸਤੇ ਦੋ ਸੁੰਦਰ ਘੋੜੇ ਲਿਆ ਰਹੇ ਸਨ ਤਾਂ ਉਥੋਂ ਦੇ ਹਾਕਮ ਨੇ ਜ਼ਬਰਦਸਤੀ ਘੋੜੇ ਖੋਹ ਕੇ ਅਸਤਬਲ ਵਿਚ ਦਾਖਲ ਕਰ ਲਏ। ਗੁਰੂ ਸਾਹਿਬ ਕੋਲ ਫ਼ਰਿਆਦ ਪਹੁੰਚੀ ਤਾਂ ਉਨ੍ਹਾਂ ਬਿਧੀ ਚੰਦ ਨੂੰ ਭੇਜਿਆ। ਉਹ ਘੋੜੇ ਲੈ ਆਇਆ ਤਾਂ ਉਨ੍ਹਾਂ ਮਗਰ ਵੀਹ ਹਜ਼ਾਰ ਫੌਜ ਚੜ੍ਹਾ ਭੇਜੀ। ਸੰਨ ੧੬੮੮ ਵਿਚ ਹੋਈ ਜੰਗ ਵਿਚ ਸਾਰੇ ਹੀ ਨਾਮਵਰ ਜਰਨੈਲ ਜੰਗ ਦੀ ਭੇਟਾ ਹੋ ਗਏ। ਬਾਕੀ ਸੈਨਿਕ ਪ੍ਰਾਣ ਬਚਾ ਕੇ ਲਾਹੌਰ ਮੁੜ ਗਏ। ਯੁੱਧ ਦੀ ਯਾਦ ਵਿਚ ਮਹਾਰਾਜ ਨੇ ਸਰੋਵਰ ਬਣਵਾਇਆ ਜਿਸ ਦਾ ਨਾਮ ਗੁਰੂ ਸਰ ਰੱਖਿਆ। ਕਰਤਾਰਪੁਰ ਵਿਚ ਪੈਂਦੇ ਖਾਂ ਗੁਰੂ ਜੀ ਦੀ ਤਲਵਾਰ ਦੀ ਭੇਟਾ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਫ਼ੌਜਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ੬ ਚੇਤ ਸੰਮਤ ਨਾਨਕਸ਼ਾਹੀ ੧੭੬ ਐਤਵਾਰ ਚੇਤ ਸੁਦੀ ੫, ਮਿਤੀ ੬ ਚੇਤ ੧੭੦੧ ਬਿ. (੩ ਮਾਰਚ ੧੬੪੪) ਨੂੰ ਗੁਰਿਆਈ ਆਪਣੇ ਪੋਤਰੇ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ (ਗੁਰੂ) ਹਰਿ ਰਾਇ ਸਾਹਿਬ ਜੀ ਨੂੰ ਸੌਂਪ ਕੇ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਆਮ ਤੌਰ 'ਤੇ ਯੋਧੇ ਤੇ ਬੀਰ ਬਹਾਦਰ ਪਰਉਪਕਾਰੀ ਨਹੀਂ ਹੁੰਦੇ ਪਰ ਛਟਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਗੁਰੂ ਹਰਿਗੋਬਿੰਦ ਸਾਹਿਬ ਐਸੀ ਸ਼ਖ਼ਸੀਅਤ ਸਨ ਜਿਨ੍ਹਾਂ ਉਸ ਬਿਖੜੇ ਸਮੇਂ ਕੌਮ ਨੂੰ ਸਾਹਸ ਦੇ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਕੀਤਾ ਜਦਕਿ ਵਿਰੋਧੀਆਂ ਦਾ ਦਾਈਆ ਸੀ ਕਿ ਇਸ ਕੌਮ ਦੀ ਹਸਤੀ ਮਿਟ ਜਾਏਗੀ। ਪਰ ਕੌਮ ਸਗੋਂ ਹੋਰ ਸ਼ਕਤੀਸ਼ਾਲੀ ਹੋ ਗਈ। ਗੱਲ ਕੀ, ਗੁਰੂ ਹਰਿਗੋਬਿੰਦ ਸਾਹਿਬ ਯੋਧੇ, ਨਿਮਰਤਾ ਤੇ ਧੀਰਜ ਦੇ ਸਿਖਰ, ਪਰਉਪਕਾਰ ਦੀ ਸਾਕਾਰ ਮੂਰਤ ਸਨ।

*ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼*

# ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ



ਇੰਜੀਨੀਅਰ
ਪਰਮਿੰਦਰਜੀਤ ਸਿੰਘ
ਕੋ-ਐਡੀਟਰ
99153-57524




**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਕੋਟਲੀ ਭਾਗ, ਗੁਜਰਾਂਵਾਲਾ** - ਕੋਟਲੀ ਭਾਗ ਨਾਂ ਦਾ ਇਹ ਪਿੰਡ ਐਮਨਾਬਾਦ ਤੋਂ ਮੀਆਂ ਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਹੈ। ਇਸ ਦਾ ਬੱਸ ਸਟਾਪ ਪੁਲੀ ਚੱਕ ਰਾਮਦਾਸ ਹੈ। ਪੱਕੀ ਤੋਂ ਪਿੰਡ ਦੀ ਵਾਟ 2 ਕਿਲੋਮੀਟਰ ਹੈ।

ਇੱਥੇ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਆਪ ਜਿਸ ਪਿੱਪਲ ਦੇ ਰੁੱਖ ਹੇਠ ਬਿਰਾਜੇ, ਉਹ ਅੱਜ ਤੱਕ ਮੌਜੂਦ ਹੈ। ਕੋਲ ਹੀ ਉਹ ਨਿੱਕਾ ਜਿਹਾ ਮੰਜੀ ਸਾਹਿਬ ਅਤੇ ਥੜ੍ਹਾ ਸਾਹਿਬ ਹੈ। ਹੁਣ ਇੱਥੋਂ ਲੋਕ ਵਸ ਗਏ ਹਨ। ਇਸ ਦਰਬਾਰ ਦੇ ਨਾਮ ੧੬ ਘੁਮਾਉ ਜ਼ਮੀਨ ਇਸ ਪਿੰਡ ਵੱਲੋਂ ਹੈ। ੧੪ ਚੇਤਰ ਨੂੰ ਮੇਲਾ ਹੁੰਦਾ ਹੈ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ ਗੋਲਟੀਆ, ਜ਼ਿਲ੍ਹਾ ਸਿਆਲਕੋਟ** - ਗਲੋਟੀਆ ਖੁਰਦ ਨਾਮੀ ਇਹ ਪਿੰਡ ਗੁਜਰਾਵਾਲਾ ਸਿਆਲਕੋਟ ਮੇਨ ਰੋਡ ਉੱਤੇ ਆਬਾਦ ਹੈ। ਬੱਸ ਸਟਾਪ ਗਲੋਟੀਆਂ ਦੇ ਨਾਮ ਤੋਂ ਹੀ ਪ੍ਰਸਿੱਧ ਹੈ। ਮੇਨ ਰੋਡ ਤੋਂ ਪਿੰਡ ਦੀ ਦੂਰੀ ਚਾਰ ਕਿਲੋਮੀਟਰ ਹੈ। ਪਿੰਡ ਵਿੱਚ ਪੱਕੀ ਸੜਕ

ਜਾਂਦੀ ਹੈ, ਟਾਂਗਾ ਅਤੇ ਵੈਗਨ ਸਵਾਰੀ ਆਮ ਮਿਲ ਜਾਂਦੀ ਹੈ।

ਇਸ ਪਿੰਡ ਦੇ ਬਿਲਕੁਲ ਵਿਚਾਲੇ ਸਭ ਤੋਂ ਉੱਚੀ ਥਾਂ ਉੱਤੇ ਛੇਵੇਂ ਪਾਤਿਸ਼ਾਹ ਜੀ ਦਾ ਪਾਵਨ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਇੱਥੇ ਬਿਰਾਜੇ। ਇੱਥੇ ਹੀ ਗੁਰੂ ਹਰਿ ਰਾਏ ਜੀ ਨੇ ਇਕ ਪ੍ਰੇਮੀ ਦੀ ਅਰਾਧਨਾ ਤੇ ਅਚਨਚੇਤ ਦਰਸ਼ਨ ਦਿੱਤੇ।

ਗੁਰਦੁਆਰਾ ਸਾਹਿਬ ਦਾ ਸੁੰਦਰ ਗੁੰਬਦ ਦੂਰੋਂ ਹੀ ਨਜ਼ਰ ਆਉਂਦਾ ਹੈ। ਪਿੰਡ ਅੰਦਰ ਇਹ ਸਭ ਤੋਂ ਉੱਚੀ ਇਮਾਰਤ ਹੈ। ਪ੍ਰਕਾਸ਼ ਅਸਥਾਨ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ੧੯੪੭ ਤੋਂ ਮਗਰੋਂ ਕਦੇ ਪ੍ਰਕਾਸ਼ ਨਹੀਂ ਹੋਇਆ। ਇਸ ਵੇਲੇ ਪਿੰਡ ਦੇ ਲੋਕ ਇਸ ਇਮਾਰਤ ਨੂੰ ਜੰਞ ਘਰ ਵਜੋਂ ਵਰਤ ਰਹੇ ਹਨ। ਗੁਰੂ ਸਾਹਿਬ ਦੇ ਸਮੇਂ ਇੱਥੇ ਇੱਕ ਬੋਹੜ ਦਾ ਰੁੱਖ ਸੀ ਜੋ ਹੁਣ ਅਲੋਪ ਹੋ ਚੁੱਕਿਆ ਹੈ। ਪਿੰਡ ਵੱਲੋਂ ੧੩ ਘੁਮਾਉਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਇਮਾਰਤ ਦੀ ਹਾਲਤ ਐਨੀ ਪਤਲੀ ਹੈ ਕਿ ਇਹ ਕਿਸੇ ਵੇਲੇ ਵੀ ਅਲੋਪ ਹੋ ਸਕਦੀ ਹੈ।

**ਗੁਰਦੁਆਰਾ ਕੁੰਡ ਸਾਹਿਬ, ਰਹਿਸਮਾ, ਜ਼ਿਲ੍ਹਾ ਸਿਆਲਕੋਟ** - ਰਹਿਸਮਾ ਨਾਮੀ ਇਹ ਪਿੰਡ ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਦਾ ਇੱਕ ਸਰਹੱਦੀ ਪਿੰਡ ਹੈ। ਇਸ ਪਿੰਡ ਵਿੱਚ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਤਿੰਨ ਗੁਰਦੁਆਰੇ ਹਨ ਜਿਨ੍ਹਾਂ ਦੇ ਨਾਮ ਕੁੰਡ ਸਾਹਿਬ, ਗੁਰੂ ਸਰ ਅਤੇ ਟਾਹਲੀ ਸਾਹਿਬ ਹਨ। ਹੁਣ ਇਸ ਪਿੰਡ ਦਾ ਨਮ ਸਾਲਿਹ ਪੁਰ ਹੈ। ਕਸਬਾ ਚਪਰਾੜ ਦੇ ਨਾਲ ਇੱਕ ਬੰਧ ਹੈ, ਇਸ ਬੰਧ ਨੂੰ ਪਾਰ ਕਰਕੇ ਇਸ ਪਿੰਡ ਵਿੱਚ ਜਾਣਿਆ ਜਾ ਸਕਦਾ ਹੈ। ਗੁਰਦੁਆਰਾ ਕੁੰਡ ਸਾਹਿਬ ਅਲੋਪ ਹੋ ਚੁੱਕਿਆ ਹੈ। ਕੁੰਡ ਸਾਹਿਬ ਦੇ ਕਿਨਾਰੇ ਦਾ ਇੱਕ ਤਪ ਅਸਥਾਨ ਅੱਜ ਵੀ ਖਲੋਤਾ ਹੈ।

**ਗੁਰਦੁਆਰਾ ਗੁਰੂ ਸਰ, ਰਹਿਸਮਾ, ਜ਼ਿਲ੍ਹਾ ਸਿਆਲਕੋਟ** - ਜ਼ਿਲ੍ਹਾ ਸਿਆਲਕੋਟ ਦੇ ਪਿੰਡ ਰਹਿਸਮਾ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਗੁਰੂਸਰ ਹੈ। ਇਸ ਪਿੰਡ ਤੋਂ ਕੋਈ ਅੱਧਾ ਕਿਲੋਮੀਟਰ ਬਾਹਰ ਗੁਰੂ ਸਾਹਿਬ ਦਾ ਤਾਲ ਸੀ। ਜਦ ਗੁਰੂ ਸਾਹਿਬ ਇੱਥੇ ਪਧਾਰੇ ਤਦ ਇਹ ਸੁੱਕ ਚੁੱਕਾ ਸੀ, ਗੁਰੂ ਜੀ ਨੇ ਨੇਜਾ ਮਾਰ ਕੇ ਜਲ ਕੱਢਿਆ। ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।

ਸ ਵੇਲੇ ਇਹ ਪਾਵਨ ਸਰੋਵਰ ਪੂਰਿਆ ਜਾ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿੱਚ ਲੋਕ ਵਸੇ ਹੋਏ ਹਨ।


**ਗੁਰਦੁਆਰਾ ਟਾਹਲੀ ਸਾਹਿਬ, ਰਹਿਸਮਾ, ਸਿਆਲਕੋਟ** - ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਤੀਜਾ ਅਸਥਾਨ ਹੈ। ਜਦ ਗੁਰੂ ਸਾਹਿਬ ਇਥੇ ਤਸ਼ਰੀਫ ਲਿਆਏ, ਤਦ ਇੱਥੇ ਇੱਕ ਗੋਸਾਈ ਸਾਧੂ ਦੀ ਲੜਕੀ ਦਾ ਵਿਆਹ ਸੀ। ਉਸ ਦੀ ਬੇਨਤੀ ਕਰਨ ਉੱਤੇ ਗੁਰੂ ਸਾਹਿਬ ਨੇ ਉਸ ਦੇ ਘਰ ਵਿੱਚ ਚਰਨ ਪਾਏ। ਉਨ੍ਹਾਂ ਜਿਸ ਕੁੰਡ ਵਿੱਚ ਪੈਰ ਧੋਤੇ, ਉਹ ਪੂਜਾ ਅਸਥਾਨ ਬਣ ਗਿਆ। ਗੁਰੂ ਸਾਹਿਬ ਨੇ ਸਾਧੂ ਨੂੰ ਸੌ ਰੁਪਏ ਇੱਕ ਬਟਵੇ ਵਿੱਚ ਪਾ ਕੇ ਦਿੱਤੇ ਅਤੇ ਸੇਹਲੀ ਟੋਪੀ ਬਖਸ਼ੀ। ਕਦੋਂ ਇਹ ਤਿੰਨੇ ਵਸਤਾਂ ਇੱਥੇ ਯਾਦਗਾਰ ਸਨ।


ਪਿੰਡ ਤੋਂ ਪੂਰਬ ਵੱਲ ਟਾਹਲੀ ਸਾਹਿਬ ਨਾਮੀ ਅਸਥਾਨ ਹੈ। ਗੁਰੂ ਸਾਹਿਬ ਕਸ਼ਮੀਰ ਜਾਂਦੇ ਹੋਏ ਇੱਥੇ ਬਿਰਾਜੇ, ਟਾਹਲੀ ਨਾਲ ਘੋੜਾ ਬੰਨ੍ਹਿਆ, ਇਸ ਕਰਕੇ ਇਸ ਦਾ ਨਾਮ ਟਾਹਲੀ ਸਾਹਿਬ ਪ੍ਰਸਿੱਧ ਹੋ ਗਿਆ। ਇਹ ਮਕਾਨ ਵੀ ਹੁਣ ਇੱਕ ਮਕਾਨ ਦੀ ਸੂਰਤ ਵੱਚ ਹੈ। ਇਸ ਅੰਦਰ ਲੋਕਾਂ ਦੀ ਰਿਹਾਇਸ਼ ਹੈ।


ਇਸ ਪਿੰਡ ਨੂੰ ਹੁਣ ਸਾਲਿਹਪੁਰ ਆਖਿਆ ਜਾਂਦਾ ਹੈ। ਇਸ ਦਾ ਪੁਲਿਸ ਸਟੇਸ਼ਨ ਚਿਪਰਾੜ, ਜ਼ਿਲ੍ਹਾ ਤੇ ਤਹਿਸੀਲ ਸਿਆਲਕੋਟ ਹੈ। ਇਹ ਦਰਬਾਰ ਅੰਮ੍ਰਿਤਸਰ ਦੀ ਸੰਗਤ ਨੇ ਬਣਵਾਇਆ ਸੀ, ਇੱਕ ਦੋ ਤੋ ਤਿੰਨ ਹਾੜ ਨੂੰ ਮੇਲਾ ਹੁੰਦਾ ਸੀ। ਤਿੰਨ ਘੁਮਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਹੈ।

**ਗੁਰਦੁਆਰਾ ਚੌਮਾਲਾ ਸਾਹਿਬ, ਭਾਟੀ ਦਰਵਾਜ਼ਾ ਲਾਹੌਰ** - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਦਾ ਇਹ ਪਾਵਨ ਅਸਥਾਨ ਮੁਹੱਲਾ ਚੌਮਾਲਾ, ਅੰਦਰੂਨ ਭਾਟੀ ਦਰਵਾਜ਼ੇ ਵਿੱਚ ਹੈ। ਇਥੇ ਸਤਿਗੁਰੂ ਜੀ ਨੇ ਭਾਈ ਜੀਵਨ ਦੇ ਘਰ ਨਿਵਾਸ ਕੀਤਾ। ਇੱਥੇ ਗੁਰੂ ਸਾਹਿਬ ਨੇ ਕਈ ਵਾਰ ਦੀਵਾਨ ਲਗਾਇਆ। ਪ੍ਰੇਮੀਆਂ ਨੂੰ ਅੰਮ੍ਰਿਤ ਬਚਨਾਂ ਨਾਲ ਨਿਹਾਲ ਕੀਤਾ। ਭਾਈ ਬਿਧੀ ਚੰਦ ਜੀ ਜਦ ਗੁਰੂ ਜੀ ਦੇ ਘੋੜੇ ਲੈਣ ਲਾਹੌਰ ਆਏ ਤਾਂ ਉਹ ਵੀ ਇੱਥੇ ਹੀ ਠਹਿਰੇ। ਇਸ ਮਕਾਨ ਨੂੰ ਭਾਈ ਜੀਵਨ ਨੇ ਗੁਰਦੁਆਰਾ ਬਣਾ ਦਿੱਤਾ। ਇਸ ਦਾ ਪਹਿਲਾ ਪ੍ਰਬੰਧ ਮਹੰਤਾਂ ਪਾਸ ਸੀ। ੧੯੧੫ ਵਿੱਚ ਗੁਰਦੁਆਰਾ ਸਾਹਿਬ ਦੇ ਹਾਲ ਦਾ ਵਿਸਥਾਰ ਕੀਤਾ ਗਿਆ। ਮਹੰਤ ਹਰੀ ਸਿੰਘ ਤੋਂ ਗੁਰਦੁਆਰੇ ਦਾ ਪ੍ਰਬੰਧ ਸੰਗਤਾਂ ਨੇ ਆਪਣੇ ਹੱਥ ਵਿੱਚ ਲੈ ਲਿਆ। ਪਹਿਲਾਂ ਲੋਕਲ ਕਮੇਟੀ ਬਣੀ, ਫਿਰ ੧੯੨੭ ਤੋਂ ੧੯੪੭ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਰਿਹਾ, ਹੁਣ ਮਹਿਕਮਾ ਔਕਾਫ ਕੋਲ ਹੈ।

ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਸ਼ਰਧਾਲੂਆਂ ਦੇ ਠਹਿਰਨ ਵਾਸਤੇ ਅਨੇਕਾਂ ਮਕਾਨ ਸਨ। ਗੁਰਦੁਆਰੇ ਦੇ ਨਾਲ ਇੱਕ ਮਕਾਨ ਭਾਟੀ ਦਰਵਾਜ਼ੇ ਤੇ ੬੭ ਘੁਮਾਉਂ ਜ਼ਮੀਨ ਪਿੰਡ ਖੁਦਪੁਰ ਤਹਿਸੀਲ ਲਾਹੌਰ ਵਿੱਚ ਹੈ। ਬਸੰਤ ਪੰਚਮੀ ਨੂੰ ਮੇਲਾ ਹੁੰਦਾ ਸੀ। ਇਸ ਵੇਲੇ ਗੁਰਦੁਆਰਾ







ਸਾਹਿਬ ਦਾ ਨਾਂ ਨਿਸ਼ਾਨ ਮਿਟ ਚੁੱਕਿਆ ਹੈ। ਇਸ ਅਸਥਾਨ ਉੱਤੇ ਲੋਕਾਂ ਨੇ ਤਿੰਨ ਤਿੰਨ ਮੰਜ਼ਲੇ ਮਕਾਨ ਛੱਤ ਲਏ ਹਨ। ਇਤਿਹਾਸ ਦਾ ਇੱਕ ਪੰਨਾ ਮਨਮੁੱਖਾਂ ਨੇ ਚੱਟ ਲਿਆ ਹੈ।

**ਗੁਰਦੁਆਰਾ ਪਾਤਸ਼ਾਹੀ ਛੇਵੀਂ, ਮਜੰਗ, ਲਾਹੌਰ** - ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੧੯ ਈ ਨੂੰ ਦੀਵਾਨ ਚੰਦੂ ਨੂੰ ਨਾਲ ਲੈ ਕੇ ਲਾਹੌਰ ਆਏ। ਇੱਥੋਂ ਹੀ ਆਪ ਨੇ ਗੁਰੂ ਘਰ ਦੀ ਪ੍ਰੇਮੀ ਬੀਬੀ ਕੌਲਾਂ ਨੂੰ ਆਪਣੇ ਘੋੜੇ 'ਤੇ ਸਵਾਰ ਕੀਤਾ।

**ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ, ਕਾਛਾ ਜ਼ਿਲ੍ਹਾ ਲਾਹੌਰ** - ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਲਾਹੌਰ ਫੇਰੀ ਨਾਲ ਸਬੰਧਤ ਇਹ ਪਾਵਨ ਅਸਥਾਨ ਲਾਹੌਰ ਤੋਂ ਕੋਈ ੧੫ ਕਿਲੋਮੀਟਰ ਦੀ ਦੂਰੀ ਉੱਤੇ ਹੈ। ਫਿਰੋਜ਼ਪੁਰ ਰੋਡ ਉੱਤੇ ਪ੍ਰਸਿੱਧ ਬੱਸ ਸਟਾਪ ਕਾਹਨਾ ਤੋਂ ਕੋਈ ਚਾਰ ਕਿਲੋਮੀਟਰ ਪੱਛਮ ਵੱਲ ਹੈ। ਰੇਲਵੇ ਸਟੇਸ਼ਨ ਕਾਛਾ ਹੈ, ਜੋ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ।

ਇਸ ਪਿੰਡ ਵਿੱਚ ਇੱਕ ਟਿੱਬੇ ਉੱਤੇ ਇਹ ਪਾਵਨ ਅਸਥਾਨ ਹੈ। ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਵੀ ਆਖਿਆ ਜਾਂਦਾ ਹੈ। ਛੇਵੇਂ ਪਾਤਿਸ਼ਾਹ ਜੀ ਨੇ ਇਥੇ ਸ਼ਿਕਾਰ ਖੇਡਿਆ। ਉਸ ਵੇਲੇ ਇੱਥੇ ਭਾਰੀ ਜੰਗਲ ਸੀ। ਇਸ ਪਿੰਡ ਤੋਂ ਬਾਹਰ ਗੁਰਦੁਆਰਾ ਸਾਹਿਬ ਵਾਲੀ ਗਲੀ ਸਾਹਮਣੇ ਇੱਕ ਵਿਸ਼ਾਲ ਤਾਲ ਹੈ। ਇਹ ਤਾਲ ਦੀਵਾਨ ਲਖਪਤ ਦਾ ਬਣਵਾਇਆ ਹੋਇਆ ਹੈ। ਹੁਣ ਇਹ ਮੱਛੀਪਾਲ ਮਹਿਕਮੇ ਕੋਲ ਹੈ। ਇਸ ਪਾਵਨ ਅਸਥਾਨ ਉੱਤੇ ਭਾਈ ਮੱਲ ਜੀ ਨੇ ਅੰਗਰੇਜ਼ਾਂ ਦਾ ਰਾਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਪ੍ਰਕਾਸ਼ ਕੀਤਾ। ਪਿੱਛੋਂ ਇਹ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਹੇਠ ਆ ਗਿਆ। ਕਮੇਟੀ ਨੇ ਏਥੇ ਬੱਚਿਆਂ ਦੀ ਉੱਚੀ ਵਿਦਿਆ ਲਈ ਇੱਕ ਕਾਲਜ ਬਣਾਉਣ ਦਾ ਪ੍ਰੋਗਰਾਮ ਬਣਾਇਆ ਜੋ ਅਧੂਰਾ ਰਹਿ ਗਿਆ।

ਇੱਕ ਸਾਲ ਪਹਿਲਾਂ ਇਸ ਪਾਵਨ ਅਸਥਾਨ ਦਾ ਡਿੱਗਾ ਹੋਇਆ ਢਾਂਚਾ ਖਲੋਤਾ ਸੀ। ਹੁਣ ਉਹ ਵੀ ਮੁੱਕ ਗਿਆ ਹੈ। ਇਸ ਜਗ੍ਹਾ ਉੱਤੇ ਇੱਕ ਮੇਊ ਨੇ ਆਪਣੀ ਹਵੇਲੀ ਬਣਾ ਲਈ ਹੈ। ਗੁਰਦੁਆਰਾ ਸਾਹਿਬ ਦੇ ਰਿਹਾਇਸ਼ੀ ਕਮਰੇ, ਇੱਕ ਖੂਹ ਅਤੇ ਲੰਗਰ ਹਾਲ ਮੌਜੂਦ ਹੈ। ਇਨ੍ਹਾਂ ਇਮਾਰਤਾਂ ਵਿੱਚ ਲੋਕ ਵਸੇ ਹੋਏ ਹਨ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਰਾਮਪੁਰ ਕਲਾਂ, ਲਾਹੌਰ** - ਰਾਮਪੁਰ ਕਲਾਂ ਨਾਮੀ ਇਹ ਪਿੰਡ ਲਾਹੌਰ ਅੰਮ੍ਰਿਤਸਰ ਰੋਡ ਉੱਤੇ ਆਬਾਦ ਹੈ। ਇਸ ਪਿੰਡ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਸੀ। ਗੁਰੂ ਸਾਹਿਬ ਖਰਕ ਜਾਂਦੇ ਹੋਏ ਇਸ ਥਾਂ ਬਿਰਾਜੇ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਸੀ, ਹੁਣ ਅਲੋਪ ਹੋ ਚੁੱਕਿਆ ਹੈ। ਹੁਣ ਇਸ ਅੰਦਰ ਗੁੱਜਰਾਂ ਦੇ ਘਰ ਵਸੇ ਹੋਏ ਹਨ।

**ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਮਿਨਹਾਲਾ, ਜ਼ਿਲ੍ਹਾ ਲਾਹੌਰ** - ਮਿਨਹਾਲਾ ਨਾਮੀ ਇਹ ਪਿੰਡ ਥਾਣਾ ਬਰਕੀ ਜ਼ਿਲ੍ਹਾ ਲਾਹੌਰ ਵਿੱਚ ਹੈ। ਇਸ ਪਿੰਡ ਨੂੰ ਜਾਣ ਵਾਸਤੇ ਜੱਲੋ ਮੋੜ ਤੋਂ ਇੱਕ ਸੜਕ ਨਿਕਲਦੀ ਹੈ। ਵੈਗਨਾਂ ਤੇ ਟਾਂਗੇ ਆਮ ਮਿਲ ਜਾਂਦੇ ਹਨ। ਇਸ ਨਗਰ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪਾਵਨ ਅਸਥਾਨ ਹੈ। ਗੁਰਦੁਆਰਾ ਸਾਹਿਬ ਪਿੰਡ ਵਿੱਚ ਵੜਦਿਆਂ ਹੀ ਸੱਜੇ ਹੱਥ ਉੱਤੇ ਇੱਕ ਵਿਸ਼ਾਲ ਛੱਪੜ ਕਿਨਾਰੇ ਹੈ। ਇਹ ਛੱਪੜ ਕਦੇ ਗੁਰਦੁਆਰਾ ਸਾਹਿਬ ਦਾ ਸਰੋਵਰ ਸੀ। ਇਮਾਰਤ ਗਿਰ ਚੁੱਕੀ ਹੈ। ਕੇਵਲ ਇੱਕ ਬੁਰਜ ਹੀ ਖਲੋਤਾ ਹੈ। ਇਹ ਵੀ ਕਿਸੇ ਵੇਲੇ ਅਲੋਪ ਹੋ ਸਕਦਾ ਹੈ।

# ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ

ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ

ਤਕਰੀਬਨ 1970 ਈ: ਦੇ ਨੇੜੇ ਦੀ ਗੱਲ ਹੈ ਕਿ ਇਕ ਬੀਬੀ ਜੋਗਿੰਦਰ ਕੌਰ ਬਾਬਾ ਜੀ ਪਾਸ ਆਈ ਤੇ ਬੇਨਤੀ ਕੀਤੀ ਕਿ ਮੇਰਾ ਪੇਕਾ ਪਿੰਡ ਪਹਾੜ ਵਿੱਚ ਪਿੰਡ ਰਾਮ ਟਟਵਾਲੀ (ਨਜ਼ਦੀਕ ਢੋਲੇਵਾਹਾ) ਹੈ ਤੇ ਮੇਰੇ ਸਹੁਰੇ ਪਿੰਡ ਗੋਂਦਪੁਰ ਵਿੱਚ ਹਨ। ਮੇਰਾ ਇਕ ਛੋਟਾ ਭਰਾ ਜਿਸ ਨੂੰ ਨਾ ਤਾਂ ਕੰਨਾਂ ਤੋਂ ਸੁਣਦਾ ਹੈ ਤੇ ਨਾ ਹੀ ਉਹ ਚੰਗੀ ਤਰ੍ਹਾਂ ਬੋਲ ਕੇ ਆਪਣੀ ਗੱਲ ਕਿਸੇ ਨੂੰ ਸਮਝਾ ਸਕਦਾ ਹੈ। ਉਸ ਦੀਆਂ ਲੱਤਾਂ ਵੀ ਵਿੰਗੀਆਂ ਹਨ। ਦਰਦਾਂ ਆਦਿ ਦੀ ਤਕਲੀਫ਼ ਕਾਰਨ ਉਹ ਚੰਗੀ ਤਰ੍ਹਾਂ ਚਲ ਵੀ ਨਹੀਂ ਸਕਦਾ। ਉਂਝ ਦਿਮਾਗ਼ੀ ਤੌਰਤੇ ਵੀ ਸਿੱਧੇ ਸਾਦੇ ਸੁਭਾਅ ਦਾ ਮਾਲਕ ਹੈ। ਜਦੋਂ ਮੈਂ ਘਰ ਵਿੱਚ ਸੀ ਤਾਂ ਉਸ ਦੀ ਥੋੜ੍ਹੀ ਬਹੁਤ ਸੇਵਾ ਮੈਂ ਆਪ ਕਰਦੀ ਸਾਂ। ਮੇਰੇ ਮਾਤਾ ਜੀ ਵੀ ਬਹੁਤੇ ਹੀ ਸਿੱਧੇ ਹਨ, ਮਸਾਂ ਆਪਣੀ ਕਿਰਿਆ ਹੀ ਸਾਂਭ ਸਕਦੇ ਹਨ। ਇਕ ਮੈਥੋਂ ਛੋਟਾ ਭਾਈ ਸ਼ੰਕਰ ਸਿੰਘ ਲੁਧਿਆਣੇ ਕਾਰੋਬਾਰ ਕਰਦਾ ਹੈ, ਜਿਸ ਕਾਰਨ ਉਹ ਵੀ ਜਲਦੀ ਨਹੀਂ ਆ ਸਕਦਾ ਤੇ ਸ਼ਹਿਰ ਵਿੱਚ ਇਹੋ ਜਿਹੇ ਸਿੱਧੇ ਸਧਾਰਨ ਬੰਦੇ ਦਾ ਕਹਿਣਾ ਵੀ ਕਠਨ ਹੈ। ਦੂਸਰੇ ਬਾਬਾ ਜੀ ! ਸਭ ਸੰਸਾਰ ਭਾਵੇਂ ਕੋਈ ਭਰਾ ਹੈ ਜਾਂ ਭੈਣ ਜਾਂ ਕੋਈ ਹੋਰ ਰਿਸ਼ਤੇਦਾਰ ਸਭ ਚਲਦੀਆਂ ਦੇ ਹੀ ਚਾਲੂ ਹਨ। ਮੈਂ ਕਈਆਂ ਦਿਨਾਂ ਦੀ ਸੋਚ ਉਪ੍ਰੰਤ ਅੱਜ ਆਪ ਜੀ ਦੇ ਚਰਨਾਂ ਵਿੱਚ ਪੁੱਜੀ ਹਾਂ ਕਿ ਜੇ ਆਪ ਜੀ ਆਗਿਆ ਦੇਵੋ ਤਾਂ ਮੈਂ ਉਸ ਨੂੰ ਆਪ ਜੀ ਪਾਸ ਗੁਰਦੁਆਰੇ ਲੈ ਆਵਾਂ। ਇਥੇ ਆਣ ਨਾਲ ਉਹ ਢਿੱਡ ਭਰਕੇ ਰੋਟੀ ਤਾਂ ਖਾਏਗਾ। ਦੂਸਰੇ ਮੈਂ ਵੀ ਦੂਜੇ-ਚੌਥੇ ਉਸ ਦੀ ਖ਼ਬਰ ਸੁਰਤ ਲੈਂਦੀ ਰਹਾਂਗੀ।

ਬਾਬਾ ਜੀ, ਜੋਗਿੰਦਰ ਕੌਰ ਦੀ ਗੱਲ ਸੁਣਕੇ ਪੁੱਛਣ ਲੱਗੇ, ਬੀਬੀ ਉਸ ਦੀ ਕਿੰਨੀ ਕੁ ਉਮਰ ਹੈ ਤੇ ਉਸ ਦਾ ਕੀ ਨਾਂ ਹੈ? ਬੀਬੀ ਨੇ ਉੱਤਰ ਦਿੱਤਾ, ਬਾਬਾ ਜੀ ਉਸ ਦੀ ਉਮਰ ਕੋਈ ਚਾਲ੍ਹੀ ਕੁ ਸਾਲ ਦੀ ਹੈ ਤੇ ਉਸ ਨੂੰ ਸਾਧੂ-ਸਾਧੂ ਕਰਕੇ ਅਵਾਜ਼ ਮਾਰੀਦੀ ਹੈ। ਆਪ ਜੀ ਬੀਬੀ ਨੂੰ ਕਹਿਣ ਲੱਗੇ ਨਾ ਤਾਂ ਬੜਾ ਸੋਹਣਾ ਰੱਖਿਆ ਹੈ, ਦੂਸਰੇ ਬੀਬੀ, ਗੁਰੂ ਘਰ ਤਾਂ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦਾ ਆਸਰਾ ਹੈ, ਜੇ ਇਸ ਘਰ ਵੀ ਬੇਸਹਾਰੇ ਨੂੰ ਸਹਾਰਾ ਨਾ ਮਿਲਿਆ ਤਾਂ ਫਿਰ ਹੋਰ ਕਿਹੜਾ ਦਰ ਹੈ ਜਿਥੇ ਕਿਸੇ ਬੇਆਸਰੇ ਨੇ ਆਸਰਾ ਭਾਲਣਾ ਹੈ। ਤੁਸੀਂ ਨਿਸ਼ਚਿੰਤ ਹੋ ਕੇ ਉਸ ਨੂੰ ਲੈ ਆਵੋ, ਸਾਡੇ ਪਾਸੋਂ ਜਿੰਨੀ ਸੇਵਾ ਹੋ ਸਕੇਗੀ ਅਸੀਂ ਉਸ ਦੀ ਕਰਾਂਗੇ।

ਬਾਬਾ ਜੀ ਦਾ ਇਹ ਬਚਨ ਸੁਣਕੇ ਬੀਬੀ ਅਗਲੇ ਦਿਨ ਹੀ ਆਪਣੇ ਪੇਕੇ ਪਿੰਡ ਰਾਮ ਟਟਵਾਲੀ ਗਈ ਤੇ ਇਕ ਖੱਚਰ ਵਾਲੇ ਰੇੜ੍ਹੇ 'ਤੇ ਬਿਠਾ ਕੇ ਸਾਧੂ ਸਿੰਘ ਨੂੰ ਲੈ ਆਈ ਤੇ ਬਾਬਾ ਜੀ ਦੇ ਹਵਾਲੇ ਆ ਕੀਤਾ। ਬਾਬਾ ਜੀ ਨੇ ਸਾਧੂ ਸਿੰਘ ਨੂੰ ਸਹਾਰੇ ਨਾਲ ਤੁਰੇ ਆਉਂਦੇ ਨੂੰ ਵੇਖ ਕੇ ਕਿਹਾ ਕਿ ਕਿਉਂ ਭਲਿਆ ਲੋਕਾ ਆ ਗਿਆਂ? ਜਲ ਪਾਣੀ ਪ੍ਰਸ਼ਾਦਾ ਛਕਾਇਆ। ਜਦ ਅੱਠ ਕੁ ਪ੍ਰਸ਼ਾਦੇ ਸਾਧੂ ਸਿੰਘ ਨੇ ਛਕ ਲਏ ਤਾਂ ਭਾਈ ਅਮਰ ਸਿੰਘ ਜੀ, ਜੋ ਲੰਗਰ ਦੀ ਸੇਵਾ ਕਰਦੇ ਸਨ, ਨੇ ਬਾਬਾ ਜੀ ਨੂੰ ਪੁੱਛਿਆ ਕਿ ਬਾਬਾ ਜੀ ਇਹ ਮਸਤਾਨਾ ਤਾਂ ਪ੍ਰਸ਼ਾਦੇ ਛਕੀ ਹੀ ਜਾ ਰਿਹਾ ਹੈ। ਜਿੰਨੇ ਮੈਂ ਦਿੰਦਾ ਹਾਂ ਉਨੇ ਹੀ ਅੰਦਰ ਸੁੱਟੀ ਜਾਂਦਾ ਹੈ। ਅੱਠ ਪ੍ਰਸ਼ਾਦੇ ਛਕ ਲਏ ਹਨ, ਕਿਤੇ ਬੀਮਾਰ ਹੀ ਨਾ ਹੋ ਜਾਵੇ? ਬਾਬਾ ਜੀ ਕਹਿਣ ਲੱਗੇ, ਕੋਈ ਗੱਲ ਨਹੀਂ, ਜਿੰਨੇ ਮੰਗਦਾ ਹੈ ਦੇਈ ਚਲ। ਜੇ ਗੁਰੂ ਘਰ ਆ ਕੇ ਵੀ ਤ੍ਰਿਪਤੀ ਨਾ ਹੋਈ, ਫਿਰ ਕਿੱਥੇ ਹੋਵੇਗੀ? ਇਕ ਵਾਰੀ ਉਸ ਦੀ ਨਿਸ਼ਾ ਕਰਨਾ ਦੇ, ਮਗਰੋਂ ਜੋ ਹੋਇਆ ਦੇਖ ਲਵਾਂਗੇ। ਖ਼ੈਰ ਭਾਈ ਸਾਧੂ ਨੇ ਚਾਰ ਕੁ ਹੋਰ ਪ੍ਰਸ਼ਾਦੇ ਛੱਕ ਕੇ ਹੱਥ ਖੜ੍ਹੇ ਕਰ ਦਿੱਤੇ ਤੇ ਬਹੁਤ ਪ੍ਰਸੰਨ ਹੋਇਆ।

ਭਾਈ ਸਾਧੂ ਦੀ ਭੈਣ ਥੋੜ੍ਹਾ ਚਿਰ ਬੈਠ ਕੇ ਆਪਣੇ ਪਿੰਡ ਚਲੀ ਗਈ। ਬਾਬਾ ਜੀ ਨੇ ਹਰ ਰੋਜ਼ ਨਿਤਨੇਮ ਵੇਲੇ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਸਮੇਂ ਉਚੇਚਾ ਸਿੰਘ ਨੂੰ ਭੇਜ ਕੇ ਭਾਈ ਸਾਧੂ ਨੂੰ ਕੋਲ ਬਿਠਾ ਲੈਣਾ, ਉਸ ਨੂੰ ਪਾਠ ਸੁਣੇ ਜਾਂ ਨਾ ਉਨਾਂ ਚਿਰ ਇਸ ਨੇ ਕੋਲ ਬੈਠੇ ਰਹਿਣਾ। ਕੁਝ ਦਿਨਾਂ ਬਾਅਦ ਬਾਬਾ ਜੀ ਨੇ ਉਸ ਨੂੰ ਆਪਣੇ ਪਾਸੋਂ ਇਕ ਮਾਲਾ ਦੇ ਦਿੱਤੀ ਤੇ ਕੰਨ ਵਿਚ ਜ਼ੋਰ ਨਾਲ ਕਿਹਾ ਕਿ ਸਾਧੂ, ਜਿੰਨਾ ਚਿਰ ਪਾਠ ਸਮੇਂ ਸਾਡੇ ਕੋਲ ਬੈਠਦਾ ਹੈਂ ਵਾਹਿਗੁਰੂ ਵਾਹਿਗੁਰੂ ਕਰੀ ਜਾਇਆ ਕਰ ਤੇ ਮਾਲਾ ਦਾ ਮਣਕਾ ਫੇਰਨ ਦਾ ਢੰਗ ਵੀ ਦੱਸ ਦਿੱਤਾ ਕਿ ਵਾਹਿਗੁਰੂ ਕਹਿ ਕੇ ਅਗਲਾ ਮਣਕਾ ਫੜ ਲਿਆ ਕਰ ਤੇ ਮੁੜ ਪੁੱਛਿਆ ਕਿ ਪਤਾ ਲੱਗ ਗਿਆ ਹੈ? ਸਾਧੂ ਨੇ ਸਿਰ ਹਿਲਾ ਕੇ ਹਾਂ ਵਿੱਚ ਉੱਤਰ ਦਿੱਤਾ। ਬਾਬਾ ਜੀ ਨੇ ਕਿਹਾ ਕਿ ਕਰ ਕੇ ਦੱਸ ਕਿੱਦਾਂ ਵਾਹਿਗੁਰੂ ਕਰੇਂਗਾ? ਭਾਈ ਸਾਧੂ ਨੇ ਵਾ-ਦੂ ਵਾ-ਦੂ ਕਹਿੰਦੇ ਹੋਏ ਸਾਰੀ ਮਾਲਾ ਫੇਰ ਲਈ। ਬਾਬਾ ਜੀ ਸਾਧੂ ਦੇ ਵਾ-ਦੂ, ਵਾ-ਦੂ ਉਚਾਰਨ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ਬੱਸ ਗੱਲ ਬਣ ਗਈ ਹੈ ਤੇ ਮੁੜ ਕੰਨ ਵਿੱਚ ਕਿਹਾ ਕਿ ਸਾਰਾ ਦਿਨ ਇਹ ਮਾਲਾ ਫੇਰੀ ਜਾਇਆ ਕਰ ਤੇ ਵਾਹਿਗੁਰੂ-ਵਾਹਿਗੁਰੂ ਕਰੀ ਜਾਇਆ ਕਰ।

ਤਿੰਨ-ਚਾਰ ਮਹੀਨੇ ਵਿੱਚ ਹੀ ਭਾਈ ਸਾਧੂ ਸਿੰਘ ਦੀ ਭੁੱਖ ਵੀ ਠੀਕ ਹੋ ਗਈ ਤੇ ਤੁਰਨ ਫਿਰਨ ਵੀ ਆਪੇ ਹੀ ਲਗ ਪਿਆ। ਜੋ ਬਹੁਤ ਉੱਚੀ ਸੁਣਦਾ ਸੀ, ਬੋਲਾਪਨ ਵੀ ਘਟਣਾ ਸ਼ੁਰੂ ਹੋ ਗਿਆ। ਪਹਿਲਾਂ ਨਾਲੋਂ ਗੱਲਾਂ ਵੀ ਸਾਫ਼ ਕਰਨ ਲੱਗ ਪਿਆ। ਭਾਈ ਸਾਧੂ ਜਿੱਥੇ ਪਹਿਲਾਂ ਵਾ-ਦੂ, ਵਾ-ਦੂ ਕਹਿੰਦਾ ਸੀ, ਹੁਣ ਥੋੜ੍ਹੇ ਜਿਹੇ ਫ਼ਰਕ ਨਾਲ ਵਾਹਿਗੁਰੂ ਕਹਿਣ ਲੱਗ ਪਿਆ ਤੇ ਜਦੋਂ ਚਿੱਤ ਮੰਨੇ, ਰੰਬੇ ਨਾਲ ਘਾਹ ਖੋਤਣ ਲੱਗ ਜਾਵੇ, ਝਾੜੂ ਦੇਣ ਲੱਗ ਜਾਵੇ। ਗੁਰੂ ਪਾਤਸ਼ਾਹ ਨੇ ਐਸੀ ਮੇਹਰ ਕੀਤੀ ਛੇ ਕੁ ਮਹੀਨੇ ਵਿੱਚ ਹੀ ਆਮ ਤਕੜੇ ਆਦਮੀ ਵਾਂਗ ਕਹੀ ਨਾਲ ਗੋਡੀ ਕਰਨ ਲਗ ਪਿਆ ਤੇ ਜੇ ਕੋਈ ਮੰਜਾ ਟੁੱਟ ਭੱਜ ਜਾਵੇ ਤਾਂ ਉਸ ਦੀ ਚੂਲ੍ਹ ਠੋਕ ਦੇਣੀ। ਕਿਉਂਕਿ ਮਿਸਤਰੀਆਂ ਦੇ ਘਰ ਦਾ ਜਨਮ ਸੀ, ਦੇਖਾ ਦੇਖੀ ਥੋੜ੍ਹਾਕੰਮ ਕਰਨਾ ਸਿੱਖ ਚੁੱਕਾ ਸੀ। ਕੰਮ ਕਰਦੇ ਵੀ ਵਾਹਿਗੁਰੂ ਵਾਹਿਗੁਰੂ ਕਹਿੰਦਾ ਰਹੇ। ਬਾਹਰੋਂ ਕੰਨਾਂ ਰਾਹੀਂ ਕੋਈ ਮਾੜੀ ਚੰਗੀ ਗੱਲ ਨਾ ਸੁਨਣੀ, ਸਰੀਰ ਨਾਲ ਨਿਸ਼ਕਾਮ ਹੋ ਕੇ ਸੇਵ ਕਰੀ ਜਾਣੀ, ਰਸਨਾ ਨਾਲ ਨਾਮ ਜਪੀ ਜਾਣਾ। ਐਸੀ ਲਗਨ ਲੱਗੀ ਕਿ ਸਵੇਰੇ ਹੀ ਪ੍ਰਸ਼ਾਦਾ ਛੱਕ ਕੇ ਕਹੀ, ਰੰਬਾ, ਦਾਤਰੀ ਲੈ ਗੁਰਦੁਆਰੇ ਦੇ ਆਲੇ-ਦੁਆਲੇ ਦੇ ਨਾਲ ਦੇ ਖੇਤ ਵਿੱਚ ਸਬਜ਼ੀ ਗੋਡਣ, ਘਾਹ ਖੋਤਣ ਦੀ ਸੇਵਾ ਕਰਦੇ ਰਹਿਣਾ। ਜਦੋਂ ਭੁੱਖ ਲਗਣੀ ਆ ਕੇ ਪ੍ਰਸ਼ਾਦਾ ਛੱਕ ਜਾਣਾ ਤੇ ਸਾਰਾ ਦਿਨ ਸੇਵਾ ਕਰਦਿਆਂ ਬਤੀਤ ਕਰਨਾ ਤੇ ਕੰਮ ਕਰਦੇ ਵੀ ਵਾਹਿਗੁਰੂ ਗੁਰ-ਮੰਤ੍ਰ

ਦਾ ਜਾਪ ਜੋ ਬਾਬਾ ਜੀ ਨੇ ਦੱਸਿਆ ਸੀ, ਕਰਦੇ ਰਹਿਣਾ ਤੇ ਸਵੇਰੇ ਸ਼ਾਮ ਨਿਤਨੇਮ ਭਾਵੇਂ ਸੁਣੇ ਜਾਂ ਨਾ, ਨੇਮ ਨਾਮ ਪੂਰੀ ਹਾਜ਼ਰੀ ਭਰਨੀ। ਬਾਬਾ ਜੀ ਨੇ ਭਾਈ ਸਾਧੂ ਦੀ ਸੇਵਾ ਲਗਨ ਵੇਖ ਕੇ ਦੂਸਰੇ ਸਾਲ ਉਸ ਨੂੰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰਵਾ ਦਿੱਤੀ ਤੇ ਭਾਈ ਸਾਧੂ ਹੁਣ ਸਾਧੂ ਸਿੰਘ ਬਣ ਗਿਆ। ਭਾਈ ਸਾਧੂ ਸਿੰਘ ਜੋ ਬੇਸਹਾਰਾ ਸੀ, ਗੁਰੂ ਦਾ ਆਸਰਾ ਲੈ ਕੇ ਗੁਰਬਾਣੀ ਤੇ ਸੇਵਾ ਸਿਮਰਨ ਦੀ ਬਰਕਤ ਨਾਲ ਆਪਣੇ ਆਸ਼ਰਤ ਹੋ ਗਿਆ। ਕੇਵਲ ਆਪਣੇ ਆਸ਼ਰਤ ਹੀ ਨਹੀਂ, ਸੇਵਾ ਕਰਕੇ ਹੋਰ ਕਈਆਂ ਨੂੰ ਸੁੱਖ ਪਹੁੰਚਾਉਂਦਾ। ਖੇਤਾਂ ਵਿੱਚ ਸਬਜ਼ੀ ਲਗਾ ਕੇ ਉਸ ਦੀ ਪੂਰੀ ਸਾਂਭ-ਸੰਭਾਲ ਕਰਦਾ ਤੇ ਲੰਗਰ ਵਿੱਚ ਸਮੇਂ ਦੀ ਸਬਜ਼ੀ ਦੀ ਤੋਟ ਨਾ ਆਉਣ ਦਿੰਦਾ। ਮੈਂ ਹੋਰ ਵਿਸਥਾਰ ਵਿਚ ਨਾ ਜਾਵਾਂ ਅੰਮ੍ਰਿਤ ਛਕਣ ਉਪ੍ਰੰਤ ਸਤਿਗੁਰੂ ਜੀ ਨੇ ਹੋਰ ਬਖਸ਼ਿਸ਼ ਕਰ ਦਿੱਤੀ ਜਿਥੇ ਦਿਨੇ ਕੰਮ ਕਾਰ ਕਰਦਿਆਂ ਗੁਰ-ਮੰਤ੍ਰ ਦਾ ਜਾਪ ਕਰਦਾ ਰਹਿੰਦਾ ਸੀ ਹੁਣ ਰਾਤ ਨੂੰ ਘੂਕ ਸੁਤਾ ਪਿਆ ਵੀ ਜ਼ਬਾਨ ਨਾਲ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪਿਆ। ਕਈ ਵਾਰੀ ਅਸੀਂ ਇਕੱਠੇ ਹੋ ਕੇ ਉਸ ਦੇ ਮੰਜੇ ਦੇ ਲਾਗੇ 15-20 ਮਿੰਟ ਲਗਾਤਾਰ ਖਲੋ ਸਿਮਰਨ ਆਪ ਕੰਨੀਂ ਸੁਣਿਆ। ਤਕਰੀਬਨ ਸੌਣ ਲਗੇ ਉਸ ਨੇ ਮਾਲਾ ਨਾਲ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਕਰਦੇ-ਕਰਦੇ ਜਦੋਂ ਨੀਂਦ ਆ ਜਾਣੀ ਤਾਂ ਸੁੱਤੇ ਹੀ ਉੱਚੀ-ਉੱਚੀ ਜਾਗਦਿਆਂ ਦੀ ਤਰ੍ਹਾਂ ਸਿਮਰਨ ਕਰੀ ਜਾਣਾ। ਅਸੀਂ ਬਾਬਾ ਜੀ ਨੂੰ ਦੱਸਿਆ ਕਿ ਸਾਧੂ ਸਿੰਘ ਇਸ ਤਰ੍ਹਾਂ ਕਿੰਨਾ-ਕਿੰਨਾ ਚਿਰ ਸੁੱਤਾ ਪਿਆ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰਦਾ ਰਹਿੰਦਾ ਹੈ। ਬਾਬਾ ਜੀ ਨੇ ਵੀ ਆਪ ਉਸ ਦੇ ਕੋਲ ਜਾ ਕੇ ਸਿਮਰਨ ਕਰਦੇ ਨੂੰ ਵੇਖਿਆ ਤੇ ਸਾਨੂੰ ਵੀ ਪ੍ਰੇਰਨਾ ਦਿੱਤੀ ਕਿ ਇਹ ਸੱਚੇ ਦਿਲੋਂ ਨਿਸ਼ਕਾਮਤਾ ਨਾਲ ਪਰਮੇਸ਼ਰ ਵੱਲ ਲੱਗਣ ਦਾ ਫਲ ਹੈ ਕਿਉਂਕਿ ਇਹ ਦਿਨੇ ਬਿਨਾਂ ਕਿਸੇ ਲੋਭ ਲਾਲਚ ਤੋਂ ਸੇਵਾ ਕਰਦਾ ਹੈ ਤੇ ਨਾਲ ਰਸਨਾਂ ਨਾਲ ਸਿਮਰਨ ਕਰਦਾ ਹੈ। ਸਵੇਰੇ ਸ਼ਾਮ ਨਿਤਨੇਮ ਦੀ ਹਾਜ਼ਰੀ ਵੀ ਪੂਰੀ ਭਰਦਾ ਹੈ। ਬਾਹਰੋਂ ਕੰਨਾਂ ਰਾਹੀਂ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਸੁਣਦਾ ਤੇ ਨਾ ਹੀ ਕਿਸੇ ਦੀ ਮਾੜੀ ਚੰਗੀ ਗੱਲ ਵਿੱਚ ਰਸਨਾ ਨਾਲ ਜਾਂ ਹੋਰ ਕਿਸੇ ਤਰੀਕੇ ਦਖ਼ਲ ਦਿੰਦਾ ਹੈ। ਇਕੋ ਲਗਨ ਜੋ ਸਿੱਧੇ ਜਿਹੇ ਮਨ ਵਿੱਚ ਘਰ ਕਰ ਗਈ ਹੈ ਉਸ ਦਾ ਹੀ ਇਹ ਫਲ ਹੈ। ਇਸ ਦੇ ਮਨ ਵਿੱਚ ਇਹ ਸ਼ੰਕਾ ਨਹੀਂ ਕਿ ਸਿਮਰਨ ਕਿਉਂ ਕਰਨਾ ਹੈ? ਕਾਹਦੇ ਲਈ ਕਰਨਾ ਹੈ? ਇਸ ਦਾ ਕੀ ਫਲ ਮਿਲੇਗਾ? ਬੱਸ ਕਹਿ ਦਿੱਤਾ ਕਿ ਵਾਹਿਗੁਰੂ ਵਾਹਿਗੁਰੂ ਕਹਿਣਾ ਹੈ, ਤੇਰਾ ਇਸੇ ਵਿੱਚ ਹੀ ਭਲਾ ਹੈ। ਉਸ ਕਹੇ ਹੋਏ ਬਚਨ ਨੂੰ ਬਿਨਾਂ ਹੀਲ-ਹੁੱਜਤ ਘੁੱਟ ਕੇ ਮਨ ਵਿੱਚ ਵਸਾ ਲਿਆ ਤੇ ਜਿਸ ਦਾ ਫਲ ਤੁਸੀਂ ਸਾਮ੍ਹਣੇ ਦੇਖ ਕੇ ਸੁਣ ਰਹੇ ਹੋ। ਹੁਣ ਕੋਈ ਕਸਰ ਤਾਂ ਨਹੀਂ? ਜੋ ਗੁਰੂ ਮਹਾਰਾਜ ਜੀ ਨੇ ਹੁਕਮ ਕੀਤਾ ਹੈ ਕਿ

**ਊਠਤ ਬੈਠਤ ਸੋਵਤ ਧਿਆਈਐ॥**
**ਮਾਰਗਿ ਚਲਤ ਹਰੇ ਹਰਿ ਗਾਈਐ॥੧॥**

(**ਆਸਾ ਮ : ੫, ਪੰਨਾ ੩੮੬**)

ਤਥਾ –

**ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥੬॥**

(**ਸੁਖਮਨੀ ਸਾਹਿਬ, ਪੰਨਾ ੨੮੬**)

ਕਈ ਪ੍ਰੇਮੀ ਕਿੰਤੂ ਕਰਦੇ ਹਨ ਕਿ ਸੁੱਤੇ ਪਏ ਨੀਂਦ ਵਿੱਚ ਗੜੂੰਦ ਕਿਵੇਂ ਸਿਮਰਨ ਹੋ ਸਕਦਾ ਹੈ। ਸੋ ਤੁਸੀਂ ਵੇਖ ਲਵੋ, ਸਾਧੂ ਸਿੰਘ ਨੀਂਦ ਵਿੱਚ ਵੀ ਸਰੀਰ ਕਰਕੇ ਸੁੱਤਾ ਪਿਆ ਹੈ ਤੇ ਰਸਨਾ ਨਾਲ ਸਿਮਰਨ ਵੀ ਕਰ ਰਿਹਾ ਹੈ। ਹੁਣ ਪ੍ਰਤੱਖ ਨੂੰ ਹੋਰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ। ਜੇ ਇਹ ਇਸੇ ਤਰ੍ਹਾਂ ਲੱਗਾ ਰਿਹਾ, ਹੋਰ ਕਿਸੇ ਪਾਸੇ ਬਿਰਤੀ ਨਾ ਗਤੀਤਾਂ ਸਮਝੋ ਕਿ ਜੀਵਨ ਦੀ ਬਾਜ਼ੀ ਜਿੱਤ ਗਿਆ। ਨਾਮ ਸਿਮਰਨ ਦੀ ਬਰਕਤ ਨਾਲ ਸਾਰਾ ਸਰੀਰ ਅਰੋਗ ਹੋ ਗਿਆ। ਜ਼ਬਾਨ ਵੀ ਚਲ ਪਈ, ਕੰਨਾਂ ਨਾਲ ਜੋ ਬਹੁਤ ਉਚੀ ਸੁਣਦਾ ਸੀ, ਉਹ ਵੀ ਹੁਣ ਥੋੜ੍ਹਾ ਉਚੀ ਬੋਲਣ ਨਾਲ ਪੂਰਾ ਸਮਝਣ ਲੱਗ ਪਿਆ। ਸਮਾਂ ਬੀਤਦਾ ਗਿਆ, ਸਾਧੂ ਸਿੰਘ ਸੇਵਾ-ਸਿਮਰਨ ਦੀ ਕਾਰ ਵਿੱਚ ਲੱਗਾ ਰਿਹਾ। ਨਾਮ ਨੇ ਹੋਰ ਆਪਣਾ ਰੰਗ ਚਾੜ੍ਹਿਆ, ਅੰਦਰ ਅਨਹਦ ਸ਼ਬਦ ਵੀ ਸੁਣਨ ਲੱਗ ਪਏ। ਕੀ ਵਾਰੀ ਸੁੱਤਾ ਪਿਆ ਸਿਮਰਨ ਕਰਦਾ ਉੱਠ ਪਵੇ, ਬਾਬਾ ਜੀ ਪਾਸ ਜਾ ਕੇ ਉਨ੍ਹਾਂ ਨੂੰ ਪੁੱਛੇ ਕਿ ਇਹ ਵਾਜੇ ਕਿਥੇ ਵੱਜਦੇ ਹਨ? ਬਾਬਾ ਜੀ ਨੇ ਹੱਸ ਕੇ ਉਸ ਨੂੰ ਕਹਿਣਾ ਕਿ ਤੂੰ ਵਾਹਿਗੁਰੂ ਵਾਹਿਗੁਰੂ ਕਰੀ ਜਾ ਤੇ ਵੱਜਦੇ ਵਾਜਿਆਂ ਨੂੰ ਸੁਣੀ ਜਾਹ। ਕਈ ਵਾਰੀ ਉਸ ਨੇ ਰਾਤ ਸਮੇਂ ਗੁਰਦੁਆਰੇ ਦੀ ਛੱਤ 'ਤੇ ਚੜ੍ਹ ਕੇ ਵੇਖਣ ਦਾ ਯਤਨ ਕਰਨਾ ਕਿ ਇਹ ਵਾਜੇ ਵੱਜਣ ਦੀ ਆਵਾਜ਼ ਕਿਥੋਂ ਆਉਂਦੀ ਹੈ। ਘੁੰਮ ਫਿਰ ਕੇ ਮੁੜ ਮੰਜੇ ਤੇ ਆ ਜਾਣਾ। ਜਦੋਂ ਰਾਤ ਉੱਥ ਕੇ ਤੁਰਦੇ ਫਿਰਦੇ ਨੂੰ ਅਸੀਂ ਪੁੱਛਣਾ ਕਿ ਤੈਨੂੰ ਕੀ ਹੁੰਦਾ ਹੈ ਤਾਂ ਉਸ ਨੇ ਦੱਸਣਾ ਕਿ ਆਹ ਵੇਖੋ ਕਿੰਨੇ ਜ਼ੋਰ ਦੀ ਵਾਜੇ ਵੱਜਦੇ ਹਨ ਤੇ ਨਾਲ ਹੀ ਕੋਈ ਵਾਹਿਗੁਰੂ ਵਾਹਿਗੁਰੂ ਕਹੀ ਜਾਂਦਾ ਹੈ। ਸਾਨੂੰ ਪੁੱਛਣਾ ਕਿ ਵਾਜੇ ਤੁਹਾਨੂੰ ਨਹੀਂ ਸੁਣਦੇ? ਜਦੋਂ ਅਸੀਂ ਕਹਿਣਾ ਕਿ ਸਾਨੂੰ ਤਾਂ ਸੁਣਦੇ ਨਹੀਂ ਉਸ ਨੇ ਕਹਿਣਾ ਕਿ ਆਹ ਤਾਂ ਕਿੰਨੀ ਉੱਚੀ ਵਾਜੇ ਵੱਜਦੇ ਹਨ ਤੇ ਨਾਲ ਹੀ ਇਹ ਵੀ ਮਿੱਠਾ ਰੋਸਾ ਕਰਨਾ ਕਿ ਇਹ ਮੈਨੂੰ ਰਾਤ ਨੂੰ ਵੀ ਸੌਣ ਨਹੀਂ ਦਿੰਦੇ। ਜਦੋਂ ਮੈਂ ਜੰਗਲ-ਪਾਣੀ ਜਾਂਦਾ ਹਾਂ ਤਾਂ ਵੀ ਮੇਰੇ ਨਾਲ ਹੀਕੋਈ ਉੱਚੀ-ਉੱਚੀ ਵਾਹਿਗੁਰੂ ਵਾਹਿਗੁਰੂ ਕਹੀ ਜਾਂਦਾ ਹੈ ਤੇ ਹਟਦਾ ਹੀ ਨਹੀਂ। ਉਸ ਵੇਲੇ ਬਾਬਾ ਕਬੀਰ ਜੀ ਦਾ ਉਚਾਰਨ ਕੀਤਾ ਸਲੋਕ:

**ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥**(**ਪੰਨਾ ੧੩੭੪**)

ਵਾਲੀ ਗੱਲ ਯਾਦ ਆਉਣੀ ਤੇ ਨਾਲ ਹੀ ਦੂਸਰਾ ਸਲੋਕ ਵੀ ਯਾਦ ਆ ਜਾਣਾ ਕਿ ਦੇਖੋ ਸਾਧੂ ਸਿੰਘ ਤੇ ਗੁਰੂ ਪਾਤਸ਼ਾਹ ਦੀ ਕਿੰਨੀ ਵੱਡੀ ਬਖ਼ਸ਼ਿਸ਼ ਹੈ ਪਰ:-

**ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥**(**ਪੰਨਾ ੧੩੭੨**)

ਇਸ ਅਵਸਥਾ ਦੀ ਪ੍ਰਾਪਤੀ ਲਈ ਤਾਂ ਬੜੀਆਂ ਘਾਲਣਾ ਘਾਲਣੀਆਂ ਪੈਂਦੀਆਂ ਹਨ ਪਰ ਪੂਰੀ ਕਦਰ ਨਾ ਹੋਣ ਕਾਰਨ ਸਾਧੂ ਸਿੰਘ ਨੂੰ ਇਹ ਗੁਰਮੰਤ੍ਰ ਦੀ ਧੁਨੀ ਤੇ ਅਨਹਦ ਸ਼ਬਦ ਉਹ ਸੁੱਖ ਨਹੀਂ ਦੇ ਰਹੇ। ਸਮਾਂ ਪਾ ਕੇ ਵਾਕ-ਸਿੱਧੀ ਵੀ ਹੋਣ ਲੱਗ ਪਈ। ਸੁਤੇ ਸਿੱਧੇ ਕਿਸੇ ਨੇ ਸਾਧੂ ਸਿੰਘ ਨੂੰ ਕੋਈ ਲੀੜਾ ਕੱਪੜਾ ਜਾਂ ਕੋਈ ਮਨ ਭਾਉਂਦੀ ਵਸਤੂ ਖੁਆ ਦੇਣੀ, ਖੁਸ਼ੀ ਵਿੱਚ ਆ ਕੇ ਜੇ ਸਾਧੂ ਸਿੰਘ ਨੇ ਮੂੰਹ ਤੋਂ ਕੋਈ ਗੱਲ ਕਹਿ ਦੇਣੀ ਤਾਂ ਉਹ ਪੂਰੀ ਹੋ ਜਾਣੀ, ਇਸ ਤਰ੍ਹਾਂ ਦੀ ਅਵਸਥਾ ਬਣ ਗਈ। ਮੈਂ ਜੋ ਗੱਲ ਦੱਸਣੀ ਚਾਹੁੰਦਾ ਹਾਂ ਹੁਣ ਉਸ ਵੱਲ ਆਵਾਂ।

ਸਮਾਂ ਚਲਦਾ ਗਿਆ। ਸਾਧੂ ਸਿੰਘ ਦਾ ਭਰਾ ਵੀ ਇਸ ਦੀ ਸਿਹਤ ਠੀਕ ਵੇਖ ਕੇ ਮਿਲਣ ਆਉਣ ਲੱਗ ਪਿਆ। ਬਾਬਾ ਜੀ ਨੂੰ ਪੁੱਛ ਕੇ ਕਈ ਵਾਰੀ ਚਾਰ-ਪੰਜ ਦਿਨ ਲਈ ਸਾਧੂ ਸਿੰਘ ਨੂੰ ਲੁਧਿਆਣੇ ਆਪਣੇ ਪਾਸ ਲੈ ਜਾਣਾ, ਉਥੇ ਇਸ ਨੇ ਘਰ ਬੈਠੇ ਰਹਿਣਾ। ਇਸ ਦੇਮਨ ਪਰਚਾਵੇ ਲਈ ਘਰਦਿਆਂ ਨੇ ਟੈਲੀਵਿਜ਼ਨ ਲਾ ਦੇਣਾ। ਇਸ ਨਾਲ ਸਾਰਾ ਦਿਨ ਟੈਲੀਵੀਜ਼ਨ ਦੇਖੀ ਜਾਣਾ। ਹਫ਼ਤੇ ਬਾਅਦ ਜਦੋਂ ਇਸ ਨੂੰ ਲਿਆਉਣ

ਆਪਣੇ ਪਾਸ ਲੈ ਜਾਣਾ, ਉਥੇ ਇਸ ਨੇ ਘਰ ਬੈਠੇ ਰਹਿਣਾ। ਇਸ ਦੇ ਮਨ ਪਰਚਾਵੇ ਲਈ ਘਰਦਿਆਂ ਨੇ ਟੈਲੀਵੀਜ਼ਨ ਲਾ ਦੇਣਾ। ਇਸ ਨੇ ਸਾਰਾ ਦਿਨ ਟੈਲੀਵੀਜ਼ਨ ਦੇਖੀ ਜਾਣਾ। ਹਫ਼ਤੇ ਬਾਅਦ ਜਦੋਂ ਇਸ ਨੂੰ ਲਿਆਉਣਾ ਜਾਂ ਉਨ੍ਹਾਂ ਨੇ ਛੱਡ ਜਾਣਾ ਤਾਂ ਇਸ ਨੇ ਮਹੀਨਾ ਭਰ ਉਹ ਵੇਖੇ ਹੋਏ ਟੈਲੀਵੀਜ਼ਨ ਦੀਆਂ ਹੀ ਗੱਲਾਂ ਕਰੀ ਜਾਣੀਆਂ। ਭਾਵੇਂ ਟੈਲੀਵੀਜ਼ਨ ਦੀ ਅਵਾਜ਼ ਤਾਂ ਪੂਰੀ ਨਹੀਂ ਸੁਣਦੀ ਸੀ। ਜੋ ਹਫ਼ਤਾ ਭਰ ਇਸ ਨੇ ਟੈਲੀਵੀਜ਼ਨ ਤੇ ਵੇਖਣਾ ਉਹ ਸਾਰਾ ਦੱਸਣਾ ਕਿ ਉਥੇ ਮੇਰੇ ਭਰਾ ਦੇ ਘਰ ਵਿੱਚ ਟਰਾਲੀ ਹੈ, ਉਹਦੇ ਵਿੱਚ ਹੀ ਪਾਣੀ ਵੱਗਦਾ ਹੈ, ਲੋਕ ਖੇਤ ਵਾਹੁੰਦੇ ਹਨ, ਬੁੱਢੀਆਂ ਨੱਚਦੀਆਂ ਹਨ, ਵਿੱਚੋ ਮੀਂਹ ਪੈਣ ਲੱਗ ਪੈਂਦਾ ਹੈਅਤੇ ਵਿੱਚ ਹੀ ਲੜਾਈਆਂ ਹੋਣ ਲੱਗ ਪੈਂਦੀਆਂ ਹਨ ਉਹਦੇ ਵਿੱਚ ਹੀ ਕਈ ਵਾਰੀ ਗੁਰਦੁਆਰਾ ਆ ਜਾਂਦਾ ਹੈ ਇਤਿਆਦਿ ਗੱਲਾਂ ਸੁਣਾਉਣੀਆਂ। ਭਾਵ ਪੰਜ-ਸੱਤ ਦਿਨ ਦਾ ਟੈਲੀਵੀਜ਼ਨ ਵੇਖਿਆ ਹੋਇਆ ਮਹੀਨਾ-ਡੇਢ ਮਹੀਨਾ ਉਹ ਮਨ ਵਿੱਚ ਵੱਸਿਆ ਰਹਿਣਾ। ਬਾਬਾ ਜੀ ਨੇ ਵੀ ਬਥੇਰਾ ਮਨ੍ਹਾਂ ਕਰਨਾ ਕਿ ਇਹ ਨਹੀਂ ਵੇਖੀਦਾ, ਇਹ ਮਾੜਾ ਹੁੰਦਾ ਹੈ। ਅੱਗੋਂ ਸਾਧੂ ਸਿੰਘ ਨੇ ਉੱਤਰ ਦੇਣਾ ਕਿ ਇਹ ਕਿਉਂ ਮਾੜਾ ਹੁੰਦਾ ਹੈ? ਬਾਬਾ ਜੀ ਨੇ ਕਹਿਣਾ ਕਿ ਸਿੱਖ ਟੈਲੀਵੀਜ਼ਨ ਨਹੀਂ ਵੇਖਦੇ ਹੁੰਦੇ, ਗੁਰੂ ਮਹਾਰਾਜ ਜੀ ਗੁੱਸੇ ਹੁੰਦੇ ਹਨ। ਅੱਛਾ ਕਹਿ ਦੇਣਾ, ਪਰ ਦਿਨੇ ਗੱਲਾਂ ਟੈਲੀਵੀਜ਼ਨ ਦੀਆਂ ਹੀ ਕਰਨੀਆਂ। ਬਾਬਾ ਜੀ ਨੇ ਸਾਨੂੰ ਸਮਝਾਉਣ ਲਈ ਦੱਸਣਾ ਕਿ ਵੇਖੋ ਅਜੇ ਇਸ ਨੇ ਅੱਖਾਂ ਨਾਲ ਵੇਖਿਆ ਹੈ, ਇਹਦੀ ਬਿਰਤੀ ਵਿੱਚ ਕਿੰਨਾ ਖਿੰਡਾਉ ਆ ਗਿਆ ਹੈ, ਜੇ ਕਿਤੇ ਇਸ ਨੂੰ ਕੰਨਾਂ ਰਾਹੀਂ ਸੁਣਦਾ ਹੋਵੇ ਫਿਰ ਇਸ ਦਾ ਕੀ ਹਾਲ ਹੋਵੇ।

**ਸਮਾਂ ਪਾ ਕੇ ਬਾਬਾ ਜੀ,**

**'ਨਾਨਕ ਲੀਨ ਭਇਓ ਗੋਬਿੰਦ ਸਿਉ'**

ਤਥਾ

**ਪਵਨੈ ਮਹਿ ਪਵਨੁ ਸਮਾਇਆ ॥**

**ਜੋਤੀ ਮਹਿ ਜੋਤਿ ਰਲਿ ਜਾਇਆ ॥** (ਪੰਨਾ ੮੮੫)

ਅਨੁਸਾਰ ਪੰਜ ਭੂਤਕ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਬਾਬਾ ਜੀ ਦੇ ਸਰੀਰ ਸਮੇਂ ਜਿਵੇਂ ਸਾਧੂ ਸਿੰਘ ਸੇਵਾ ਕਰਦਾ ਸੀ, ਉਸੇ ਤਰ੍ਹਾਂ ਸੇਵਾ ਸਿਮਰਨ ਨਿਰੰਤਰ ਕਰਨਦਾ ਰਿਹਾ। ਰਾਤ ਨੂੰ ਸੁਤਿਆਂ ਵੀ ਸਿਮਰਨ ਕਰਦਾ ਰਹਿੰਦਾ। ਮੈਂ ਇਕੱਲੇ ਨੇ ਨਹੀਂ ਤਕਰੀਬਨ ਗੁਰਦੁਆਰਾ ਸਾਹਿਬ ਰਹਿਣ ਵਾਲੇ ਸਿੰਘ ਹਰ ਰੋਜ਼ ਹੀ ਸ਼ਾਮ ਨੂੰ ਜਦਾਂ ਸਾਧੂ ਸਿੰਘ ਸੌਂ ਜਾਂਦਾ, ਇਹਦੇ ਮੰਜੇ ਕੋਲ ਖਲੋ ਕੇ ਸੁੱਤੇ ਪਏ ਦਾ ਸਿਮਰਨ ਹੁੰਦਾ ਸੁਣਦੇ।

ਪਰਮੇਸ਼ਰ ਦੀ ਨੇਤ ਐਸੀ ਹੋਈ ਇਸ ਦੀ ਵੱਡੀ ਭੈਣ ਦਿੱਲੀ ਵਿੱਚ ਚੜ੍ਹਾਈ ਕਰ ਗਈ। ਸਾਧੂ ਸਿੰਘ ਦਾ ਭਰਾ ਸ਼ੰਕਰ ਸਿੰਘ ਇਸ ਨੂੰ ਦਿੱਲੀ ਵਿੱਚ ਚੜ੍ਹਾਈ ਕਰ ਗਈ। ਸਾਧੂ ਸਿੰਘ ਦਾ ਭਰਾ ਸ਼ੰਕਰ ਸਿੰਘ ਇਸ ਨੂੰ ਦਿੱਲੀ ਨਾਲ ਲੈ ਗਿਆ ਤੇ ਮੁੜ ਲੁਧਿਆਣੇ ਆਪਣੇ ਪਾਸ ਲੈ ਆਇਆ ਤੇ ਨਾਲ ਹੀ ਕਹਿ ਗਿਆ ਕਿ ਤੁਸੀਂ ਇਸ ਨੂੰ ਲੈਣ ਨਾ ਆਇਉ, ਮੈਂ ਪਿੰਡ ਝਾਵੀਂ ਵਿਆਹ ਤੇ ਆਉਣਾ ਹੈ, ਇਸ ਨੂੰ ਨਾਲ ਲੈ ਆਵਾਂਗਾ।

ਪਰ ਫਿਰ ਵੀ ਪੰਦਰਾਂ ਕੁ ਦਿਨਾਂ ਬਾਅਦ ਭਗਤ ਜੀ, ਇਕ ਦੋ ਹੋਰ ਸਿੰਘ ਤੇ ਮੈਂ ਲੁਧਿਆਣੇ ਗਏ ਤੇ ਮਨ ਵਿੱਚ ਵਿਚਾਰ ਆਈ ਕਿ ਚਲੋ ਸਾਧੂ ਸਿੰਘ ਨੂੰ ਕਾਰ ਵਿੱਚ ਨਾਲ ਹੀ ਲੈ ਚਲੀਏ। ਅਸੀਂ ਪ੍ਰਤਾਪ ਨਗਰ ਗਲੀ ਨੰ. ੭ ਵਿੱਚ ਸ਼ੰਕਰ ਸਿੰਘ ਦੇ ਘਰ ਗਏ, ਸਾਧੂ ਸਿੰਘ ਹਰ ਰੋਜ਼ ਦੀ ਤਰ੍ਹਾਂ ਟੈਲੀਵੀਜ਼ਨ ਦੇਖਦਾ ਪਿਆ ਸੀ। ਘਰ ਵਾਲਿਆਂ ਸਾਡੀ ਵੱਲ ਵੇਖ ਕੇ ਟੈਲੀਵੀਜ਼ਨ ਬੰਦ ਕਰ ਦਿੱਤਾ ਤੇ ਜਲ-ਪਾਣੀ ਪੁੱਛਣ ਲੱਗੇ। ਖ਼ੈਰ ਥੋੜ੍ਹਾ ਸਮਾਂ ਅਸੀਂ ਬੈਠੇ ਤੇ ਪੁਛਿਆ ਕਿ ਜੇ ਸਾਧੂ ਸਿੰਘ ਨੇ ਜਾਣਾ ਹੈ ਤਾਂ ਅਸੀਂ ਕਾਰ ਵਿੱਚ ਆਏ ਹਾਂ, ਇਸ ਨੂੰ ਨਾਲ ਲੈ ਜਾਂਦੇ ਹਾਂ। ਇਸ ਨੂੰ ਤੁਸੀਂ ਪੁੱਛ ਲਵੋ ਜੇ ਇਸ ਨੇ ਠਹਿਰ ਕੇ ਆਉਣਾ ਹੈ ਤਦ ਵੀ ਠੀਕ ਹੈ। ਇਕ ਬੀਬੀ ਜੋ ਸ਼ੰਕਰ ਸਿੰਘ ਦੀ ਨੂੰਹ ਸੀ, ਉਸ ਨੇ ਸਾਡੀ ਸਾਰੀ ਗੱਲ ਇਸ ਦੇ ਕੰਨ ਵਿੱਚ ਪਹੁੰਚਾਈ ਤੇ ਕਿਹਾ ਕਿ ਗੁਰਦੁਆਰੇ ਤੋਂ ਬਾਬਾ ਜੀ ਤੇ ਹੋਰ ਸੰਗਤ ਤੈਨੂੰ ਲੈਣ ਆਈ ਹੈ। ਸਾਧੂ ਸਿੰਘ ਨੇ ਕਿਹਾ ਕਿ ਮੈਂ ਉਥੇ ਨਹੀਂ ਜਾਣਾ ਕਿਉਂਕਿ ਗੁਰਦੁਆਰੇ ਟਰਾਲੀ ਨਹੀਂ ਹੈ ਤੇ ਆਪ ਉੱਠ ਕੇ ਬੰਦ ਕੀਤਾ ਟੈਲੀਵੀਜ਼ਨ ਮੁੜ ਲਾ ਲਿਆ। ਅਸੀਂ ਥੋੜ੍ਹਾ ਚਿਰ ਅਟਕੇ ਤੇ ਵਾਪਸ ਮੁੜਨ ਦੀ ਤਿਆਰੀ ਕੀਤੀ ਤੇ ਨਾਲ ਹੀ ਮੈਂ ਉਸ ਬੀਬੀ ਤੇ ਹੋਰ ਘਰ ਵਾਲਿਆਂ ਨੂੰ ਪੁੱਛਿਆ ਕਿ ਇਹ ਸਾਰਾ ਦਿਨ ਇਸੇ ਤਰ੍ਹਾਂ ਟੈਲੀਵੀਜ਼ਨ ਹੀ ਦੇਖਦਾ ਰਹਿੰਦਾ ਹੈ? ਉਹ ਕਹਿਣ ਲੱਗੀ ਕਿ ਜਿੰਨਾ ਚਿਰ ਰਾਤ ਦਾ ਸਾਰਾ ਪ੍ਰੋਗਰਾਮ ਖ਼ਤਮ ਨਾ ਹੋ ਜਾਵੇ, ਇਹ ਇਥੋਂ ਉਠਦੇ ਨਹੀਂ। ਜੇ ਅਸੀਂ ਬੰਦ ਕਰ ਦੇਈਏ ਤਾਂ ਆਪ ਲਾ ਲੈਂਦੇ ਹਨ। ਮੈਂ। ਕਿਹਾ ਕਿ ਬੀਬਾ ਠੀਕ ਹੈ ਜਿਵੇਂ ਤੁਹਾਡੀ ਮਰਜ਼ੀ ਕਰੀ ਚਲੋ ਪਰ ਤੁਸੀਂ ਇੱਥੇ ਲਿਆ ਕੇ ਇਸ ਦੀ ਸੁਰਤੀ ਬਿਰਤੀ ਦਾ ਭੱਠਾ ਬਿਠਾ ਦਿੱਤਾ ਹੈ, ਕੀ ਹੁਣ ਇਹ ਮਾਲਾ ਫੇਰਦਾ ਹੁੰਦਾ ਹੈ? ਉਸ ਨੇ ਕਿਹਾ ਕਿ ਕਿਸੇ ਵੇਲੇ ਮਾਲਾ ਕੱਢ ਕੇ ਹੱਥ ਵਿੱਚ ਫੜ ਲੈਂਦੇ ਹਨ ਪਰ ਵੇਖਦੇ ਟੈਲੀਵੀਜ਼ਨ ਹੀ ਹਨ। ਅਸੀਂ ਵਿਦਾ ਹੋਏ, ਉਹ ਜੋ ਗੁਰਦੁਆਰੇ ਤੋਂ ਪਰ੍ਹੇ ਸੌਣ ਵਾਲੇ ਕਮਰੇ ਹਨ, ਉਸ ਵੱਡੇ ਕਮਰੇ ਵਿੱਚ ਟਰਾਲੀ ਰੱਖ ਲਵੋ, ਉਥੇ ਅਸੀਂ ਸਾਰੇ ਵੇਖਾਂਗੇ ਜਾਂ ਫਿਰ ਲੰਗਰ ਵਿੱਚ ਰੱਖ ਲਵੋ। ਫਿਰ ਮੈਂ ਪੁੱਛਿਆ ਕਿ ਹੁਣ ਤੈਨੂੰ ਵਾਹਿਗੁਰੂ ਵਾਹਿਗੁਰੂ ਸੁਣਦਾ ਹੈ, ਉੱਤਰ ਨਾਂਹ ਵਿੱਚ ਸੀ। ਮੈਂ ਪੁਛਿਆ ਕਿ ਹੁਣ ਕਦੀ ਵਾਜੇ ਵੱਜਦੇ ਵੀ ਸੁਣੇ ਹਨ, ਕਹਿਣ ਲੱਗਾ ਪਹਿਲਾਂ ਸੁਣਦੇ ਸਨ, ਹੁਣ ਨਹੀਂ ਸੁਣਦੇ। ਮੈਂ ਮਨ ਵਿੱਚ ਬੜਾ ਹੈਰਾਨ ਸਾਂ ਕਿ ਵੇਖੋ ਇਕ ਪਾਸੇ ਵੀਹ ਸਾਲ ਦੀ ਸੰਗਤ, ਸੇਵਾ ਸਿਮਰਨ ਦਾ ਫਲ, ਦਿਨ ਰਾਤ ਸਿਮਰਨ ਹੁੰਦਾ ਸੁਣਾਈ ਦੇਣਾ ਤੇ ਅਨਹਦ ਸ਼ਬਦ ਦੀ ਅਵਸਥਾ ਤੱਕ ਪੁੱਜ ਜਾਣਾ ਤੇ ਕਿਥੇ ਟਰਾਲੀ (ਟੈਲੀਵੀਜ਼ਨ) ਦੀ ਭੈੜੀ ਸੰਗਤ ਜੋ ਇਸ ਨੇ ਕੇਵਲ ਮਹੀਨੇ ਤੋਂ ਘੱਟ ਹੀ ਕੀਤੀ ਸੀ ਸਾਰ ਪੁਰਾਣੇ ਚੰਗੇ ਸੰਸਕਾਰਾਂ ਦੇ ਉਪਰ ਹਾਵੀ ਹੋ ਬੈਠੀ ਹੈ। ਮਨ ਵਿੱਚ ਮਹਾਂਪੁਰਖਾਂ ਦਾ ਇਕ ਬਚਨ ਯਾਦ ਆਵੇ ਕਿ ਉਨ੍ਹਾਂ ਦੇ ਬਚਨ ਵਿੱਚ ਕਿੰਨੀ ਵੱਡੀ ਸਚਾਈ ਲੁਕੀ ਹੋਈ ਹੁੰਦੀ ਸੀ। ਆਪ ਜੀ ਕਿਹਾ ਕਰਦੇ ਸਨ ਕਿ ਕੋਈ ਪ੍ਰੇਮੀ ਚੰਗੀ ਸੰਗਤ ਕਰਕੇ ਸੇਵਾ ਸਿਮਰਨ ਦੁਆਰਾ ਸੱਚ-ਖੰਡ ਦੇ ਦਰਵਾਜ਼ੇ ਅੰਦਰ ਇਕ ਪੈਰ ਰੱਖ ਲਵੇ, ਪਰ ਜੇ ਕਿਤੇ ਬਦਕਿਸਮਤੀ ਨਾਲ ਉਸ ਨੂੰ ਕੁਸੰਗਤ ਮਿਲ ਜਾਵੇ ਤਾਂ ਪਿਛਲਾ ਪੈਰ ਅੱਗੇ ਤਾਂ ਕੀ ਰੱਖਣਾ ਹੈ, ਪਹਿਲਾ ਸੱਚਖੰਡ ਵਿੱਚ ਰੱਖਿਆ ਹੋਇਆ ਪੈਰ ਕੁਸੰਗਤ ਪਿੱਛੇ ਖਿੱਚ ਲਿਆਉਂਦੀ ਹੈ, ਕੁਸੰਗਤ ਦਾ ਏਨਾ ਜਲਦੀ ਤੇ ਪ੍ਰਬਲ ਅਸਰ ਹੁੰਦਾ ਹੈ। ਦੂਜੇ ਪਾਸੇ ਮਨ ਵਿੱਚ ਇਹ ਵੀ ਵਿਚਾਰ ਆਉਂਦਾ ਸੀ ਕਿ ਸਾਧੂ ਸਿੰਘ ਨੇ ਤਾਂ ਇਕ ਮਹੀਨੇ ਤੋਂ ਘਟ ਸਮਾਂ ਹੀ ਟੈਲੀਵੀਜ਼ਨ ਵੇਖਿਆ ਹੈ ਤੇ ਜੋ ਸਾਲਾਂ ਬੱਧੀ ਇਸ ਦੇ ਸਨਮੁੱਖ ਬੈਠ ਕੇ ਇਸ ਦੀ ਹਾਜ਼ਰੀ ਭਰਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ। ਪਹਿਲਾ ਮਨ ਦਾ ਖਿੰਡਾਉ ਤਾਂ ਕੀ ਸੰਕੋਚ ਹੋਣਾ ਹੈ, ਇਸ ਹਿਸਾਬ ਤਾਂ ਟੈਲੀਵੀਜ਼ਨ ਦੁਆਰਾ ਮਨ ਦੇ ਹੋਏ ਖਿੰਡਾਉ ਨੂੰ ਸੰਕੋਚਣ ਲਈ ਪਤਾ ਨਹੀਂ ਕਿੰਨੇ ਜਨਮ ਹੋਣ ਲਗਣਗੇ। ਜੇ ਇਕ ਸਧਾਰਨ ਸਾਧੂ ਸਿੰਘ ਵਰਗੇ ਵਿਅਕਤੀ ਦੀ ਬਿਰਤੀ ਇੰਨੇ ਖਿੰਡਾਉ ਵਿੱਚ ਜਾ ਸਕਦੀ ਹੈ, ਜਿਸ ਨੂੰ ਕੇਵਲ ਮੂਰਤਾਂ ਹੀ ਦਿਸਦੀਆਂ ਹਨ, ਸੁਣਦਾ ਨਹੀਂ। ਜਿਸ

ਵਿਅਕਤੀ ਨੂੰ ਦਿਸਦਾ ਵੀ ਹੈ, ਕੰਨਾਂ ਨਾਲ ਪੂਰਾ ਸੁਣਦਾ ਵੀ ਹੈ ਤੇ ਉਹ ਸਾਰੀਆਂ ਭੈੜੀਆਂ ਹਰਕਤਾਂ ਨੂੰ ਸਮਝਦਾ ਵੀ ਹੋਵੇ, ਉਸ ਦਾ ਕੀ ਹਾਲ ਹੋਵੇਗਾ। ਬਾਬੇ ਫਰੀਦ ਜੀ ਲੈ ਕੇ ਵਾਪਸ ਗੁਰਦੁਆਰਾ ਪੁੱਜ ਗਏ।

ਦਸ ਕੁ ਦਿਨ ਬਾਅਦ ਇਸ ਦਾ ਭਰਾ ਸ਼ੰਕਰ ਸਿੰਘ ਸ਼ਾਵੀਂ ਵਿਆਹ ਤੇ ਆਇਆ ਹੋਇਆ ਸਾਧੂ ਸਿੰਘ ਨੂੰ ਗੁਰਦੁਆਰੇ ਛੱਡ ਗਿਆ। ਹੁਣ ਨਾਮ ਦੇ ਅਹਾਰ ਦੀ ਥਾਂ ਅੰਦਰ ਅਹਾਰ ਤਾਂ ਟੈਲੀਵੀਜ਼ਨ ਦਾ ਬਣ ਚੁੱਕਾ ਸੀ। ਆਉਂਦੇ ਹੀ ਕਹਿਣ ਲੱਗ ਪਿਆ ਕਿ ਇਥੇ ਟਰਾਲੀ ਲਿਆਵੋ। ਲੰਗਰ ਦੇ ਵਰਾਂਡੇ ਵਿੱਚ ਰੱਖੋ, ਟਰਾਲੀ ਬਹੁਤ ਚੰਗੀ ਹੁੰਦੀ ਹੈ, ਇਸ ਵਿੱਚ ਸਭ ਕੁਝਆਉਂਦਾ ਹੈ ਤੇ ਸਾਰਾ ਦਿਨ ਆਏ ਗਏ ਨਾਲ ਟਰਾਲੀ ਵਿੱਚ ਜੋ ਕੁਝ ਵੇਖਿਆ ਸੀ, ਉਸ ਦੀਆਂ ਗੱਲਾਂ ਹੀ ਕਰਦਾ ਰਹੇ। ਸ਼ਾਮ ਪਈ ਤਾਂ ਇਸ ਪਾਸੋਂ ਰਹਿਆ ਨਾ ਗਿਆ। ਗੁਰਦੁਆਰੇ ਤੋਂ ਅੱਧਾ ਕੁ ਕਿਲੋਮੀਟਰ ਸਾਟਰ ਮਹਿੰਦਰ ਸਿੰਘ ਹੁਰਾਂ ਦਾ ਡੇਰਾ ਹੈ। ਚੁੱਪ ਚੁਪੀਤੇ ਸਾਧੂ ਸਿੰਘ ਉਨ੍ਹਾਂ ਦੇ ਘਰ ਚਲਾ ਗਿਆ ਤੇ ਸਤ ਵਜੇ ਤੋਂ ਰਾਤ ਦੇ ਸਾਰੇ ਪ੍ਰੋਗਰਾਮਾਂ ਦੇ ਖ਼ਤਮ ਹੋਣ ਤਕ ਟੈਲੀਵੀਜ਼ਨ ਵੇਖਦਾ ਰਿਹਾ। ਅਗਲੇ ਦਿਨ ਵੀ ਉਥੇ ਹੀ ਰਿਹਾ। ਅਸੀਂ ਟੋਲ ਭਾਲ ਕੀਤੀ। ਅਸੀਂ ਭਾਲ ਕਰਦੇ ਹੀ ਸਾਂ ਕਿ ਉਨ੍ਹਾਂ ਦੀ ਬੱਚੀ ਦੱਸ ਗਈ ਕਿ ਬਾਬਾ ਸਾਧੂ ਸਿੰਘ ਸਾਡੇ ਘਰ ਵਿੱਚ ਬੈਠਾ ਟੈਲੀਵੀਜ਼ਨ ਵੇਖਦਾ ਹੈ। ਮੈਨੂੰ ਮੇਰੇ ਮਾਤਾ ਜੀ ਨੇ ਤੁਹਾਨੂੰ ਦੱਸਣ ਲਈ ਭੇਜਿਆ ਹੈ ਕਿ ਤੁਸੀਂ ਫ਼ਿਕਰ ਨਾ ਕਰਿਓ, ਉਹ ਸਾਡੇ ਪਾਸ ਹੀ ਹੈ। ਮੈਂ ਸੁਤੇ ਹੀ ਬੀਬਾ ਨੂੰ ਕਿਹਾ ਕਿ ਬੀਬਾ ਫ਼ਿਕਰ ਕੀ ਕਰਨਾ ਹੈ, ਹੁਣ ਫ਼ਿਕਰ ਕਰਨ ਤੋਂ ਗੱਲ ਅਗਾਂਹ ਲੰਘ ਗਈ ਹੈ। ਸਾਧੂ ਸਿੰਘ ਦੁਪਹਿਰ ਤੋਂ ਬਾਅਦ ਆਇਆ। ਲੌਢਾ ਵੇਲਾ ਅਰਾਮ ਕੀਤਾ। ਅਗਲੇ ਦਿਨ ਵੀ ਉਥੇ ਹੀ ਰਿਹਾ। ਅਸੀਂ ਟੋਲ ਭਾਲ ਕੀਤੀ। ਅਸੀਂ ਭਾਲ ਕਰਦੇ ਹੀ ਸਾਂ ਕਿ ਉਨ੍ਹਾਂ ਦੀ ਬੱਚੀ ਦੱਸ ਗਈ ਕਿ ਬਾਬਾ ਸਾਧੂ ਸਿੰਘ ਸਾਡੇ ਘਰ ਵਿਚ ਬੈਠਾ ਟੈਲੀਵੀਜ਼ਨ ਵੇਖਦਾ ਹੈ। ਮੈਨੂੰ ਮੇਰੇ ਮਾਤਾ ਜੀ ਨੇ ਤੁਹਾਨੂੰ ਦੱਸਣ ਲਈ ਭੇਜਿਆ ਹੈ ਕਿ ਤੁਸੀਂ ਫ਼ਿਕਰ ਨਾ ਕਰਿਓ, ਉਹ ਸਾਡੇ ਪਾਸ ਹੀ ਹੈ। ਮੈਂ ਸੁਤੇ ਹੀ ਬੀਬਾ ਨੂੰ ਕਿਹਾ ਕਿ ਬੀਬਾ ਫ਼ਿਕਰ ਕੀ ਕਰਨਾ ਹੈ, ਹੁਣ ਫ਼ਿਕਰ ਕਰਨ ਤੋਂ ਗੱਲ ਅਗਾਂਹ ਲੰਘ ਗਈ ਹੈ। ਸਾਧੂ ਸਿੰਘ ਦੁਪਹਿਰ ਤੋਂ ਬਾਅਦ ਆਇਆ। ਲੌਢਾ ਵੇਲਾ ਅਰਾਮ ਕੀਤਾ। ਅਗਲੇ ਦਿਨ ਫਿਰ ਨੇੜੇ ਦੇ ਪਿੰਡ ਤਲਵੰਡੀ ਜਾ ਕੇ ਟੈਲੀਵੀਜ਼ਨ ਵੇਖਣਾ ਸ਼ੁਰੂ ਕਰ ਦਿੱਤਾ। ਗੱਲ ਕੀ ਕਦੀ ਕਿਤੇ ਕਦੀ ਕਿਤੇ ਜਦੋਂ ਟੈਲੀਵੀਜ਼ਨ ਵੇਖ ਕੇ ਪਰਤਣਾ ਤਾਂ ਜਿਸ ਨੇ ਪੁਛਣਾ ਉਸ ਨੂੰ ਟੈਲੀਵੀਜ਼ਨ ਦੀਆਂ ਗੱਲਾਂ ਜੋ ਵੇਖੀਆਂ ਸਨ, ਉਹ ਦੱਸਣੀਆਂ ਤੇ ਕਹਿਣਾ ਕਿ ਗੁਰਦੁਆਰੇ ਟਰਾਲੀ ਲਿਆਵੋ।

ਇਕ ਦਿਨ ਮੈਂ ਸਾਧੂ ਸਿੰਘ ਨੂੰ ਕਿਹਾ ਕਿ ਲੋਕਾਂ ਦੇ ਘਰੀਂ ਨਾ ਜਾਇਆ ਕਰ। ਅੱਗੋਂ ਉਸ ਨੇ ਉੱਤਰ ਦਿੱਤਾ ਕਿ ਤੁਸੀਂ ਗੁਰਦੁਆਰੇ ਟਰਾਲੀ ਲੈ ਆਵੋ, ਮੈਂ ਇਥੇ ਵੇਖ ਲਵਾਂਗਾ। ਮੈਂ ਇਸ ਨੂੰ ਕਿਹਾ ਕਿ ਗੁਰਦੁਆਰੇ ਟਰਾਲੀ ਨਹੀਂ ਲਾਈਦੀ। ਉਸ ਨੇ ਮੈਨੂੰ ਅੱਗੋਂ ਉੱਤਰ ਦਿੱਤਾ ਕਿ ਇਥੇ ਗੁਰਦੁਆਰੇ ਵਿੱਚ ਨਾ ਦਾ ਸਲੋਕ ਇਥੇ ਕੁਝ ਢੁਕੇਗਾ ਕਿ:

**ਏਹੁ ਨਿਦੋਸ਼ਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥**

(ਪੰਨਾ ੧੩੭੯)

ਵਾਹ ਕਲਜੁਗ, ਬਾਬੇ ਗੁਰੂ ਨਾਨਕ ਨੇ ਤਾਂ 'ਘਰ ਘਰ ਅੰਦਰਿ ਧਰਮਸਾਲ' ਬਣਾ ਕੇ 'ਹੋਵੈ ਕੀਰਤਨ ਸਦਾ ਵਿਸੋਆ।' ਦੀ ਪ੍ਰਪਰਟੀ ਚਾਲੀ ਸੀ ਪਰ ਤੂੰ ਵੀ ਬਾਬੇ ਦਾ ਪੂਰਾ ਮੁਕਾਬਲਾ ਕਰ ਰਿਹਾ ਹੈਂ, ਤੂੰ ਘਰ ਘਰ ਅੰਦਰ ਟੈਲੀਵੀਜ਼ਨ ਰਾਹੀਂ ਧਰਮਸ਼ਾਲਾ ਤੇ ਗੁਰੂ ਕੀਰਤੀ ਦੂਰ ਕਰਕੇ ਸਾਰੇ ਘਰ ਸਿਨੇਮਾ ਘਰ ਬਣਾ ਦਿੱਤੇ ਹਨ। ਬਲਿਹਾਰ ਜਾਈਏ ਤੇਰੇ ਜ਼ੋਰ ਤੋਂ, ਰਹਿਰਾਸ ਦਾ ਸਮਾਂ ਵੀ ਤੂੰ ਆਪਣੇ ਵਿੱਚ ਸਮੇਟ ਲਿਆ। ਸ਼ਾਮ ਨੂੰ ਜੋ ਟੈਲੀਵੀਜ਼ਨ ਤੇ ਮੂਰਤਾਂ ਵੇਖੀਆਂ ਜਾਂਦੀਆਂ ਹਨ ਉਹ ਹੀ ਸਾਰੀ ਰਾਤ ਅੰਦਰ ਗੇੜੇ ਲਾਉਂਦੀਆਂ ਹੋਣਗੀਆਂ। ਰਾਤ ਲੇਟ ਅਰਾਮ ਕਰਨ ਨਾਲ ਤੇਰੇ ਉਪਕਾਰ ਸਦਕਾ ਅੰਮ੍ਰਿਤ ਵੇਲਾ ਵੀ ਤੂੰ ਗੁਰਸਿੱਖਾਂ ਪਾਸੋਂ ਖੋਹ ਲਿਆ। ਤੇਰਾ ਰਾਜ ਜੁ ਹੋਇਆ ਕੋਈ ਵਿਰਲਾ ਹੀ ਤੇਰੇ ਅਸਰ ਤੋਂ ਬਚਿਆ ਹੋਵੇਗਾ। ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਲਿਖੇ ਭੰਗੂ ਰਤਨ ਸਿੰਘ ਜੀ ਦੇ ਬਚਨ ਸਤਿ ਹੀ ਹਨ:

**ਕਲੂ ਚਹੇ ਪਾਪੀ ਡੁਬ ਜਾਇ ਬਾਬਾ ਚਹੈ ਉਨ ਪਾਰ ਲੰਘਾਇ,**
**ਬਾਬਾ ਆਪਨੀ ਛੱਡੇ ਨਾ ਬਾਣ, ਤਾਰਿਯੋ ਚਾਹੈ ਸਗਲ ਜਹਾਨ॥**

**(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੫੭)**

ਵਾਹੁ ਕਲਜੁਗ ਨਿਤਨੇਮ ਤਾਂ ਤੂੰ ਖੋਹ ਹੀ ਲਿਆ, ਗੁਰਸਿੱਖਾਂ ਪਾਸੋਂ ਤੂੰ ਸਤਿਸੰਗਤ ਵੀ ਖੋਹ ਲਈ। ਗੁਰੂ ਕੀ ਹਾਜ਼ਰੀ ਭਰਨ ਦੀ ਥਾਂ ਤੂੰ ਹੁਣ ਆਪਣੀ ਹਾਜ਼ਰੀ ਭਰਾਉਂਦਾ ਹੈਂ ਪਰ ਯਾਦ ਰੱਖੀਂ ਬਾਬੇ ਨਾਨਕ ਜੀ ਦਾ ਦਮ ਬਹੁਤ ਲੰਮਾ ਹੈ। ਤੂੰ ਉਨ੍ਹਾਂ ਦੇ ਤੇਜ਼ ਪ੍ਰਤਾਪ ਮੂਹਰੇ ਸਦਾ ਲਈ ਟਿਕ ਨਹੀਂ ਸਕੇਂਗਾ। ਗੁਰੂ ਕੇ ਸਿੱਖ! ਹੁਣ ਤੇਰੇ ਪਾਸ ਕਲਜੁਗ ਦੇ ਪ੍ਰਭਾਵ ਤੋਂ ਬਚਣ ਲਈ ਕੇਵਲ ਆਖ਼ਰੀ ਹਥਿਆਰ ਅਰਦਾਸ ਹੀ ਹੈ। ਬਾਬੇ ਨਾਨਕ ਜੀ ਨੇ ਰਾਏ ਬੁਲਾਰ ਨੂੰ ਕਿਹਾ ਸੀ ਕਿ ਹੇ ਰਾਏ। ਜਦੋਂ ਤੇਰਾ ਆਪਣਾ ਬਲ ਕੁਝ ਨਾ ਸਾਰੇ ਤਾਂ ਢਹਿ ਕੇ ਪਰਮੇਸ਼ਰ ਪ੍ਰਾਇਣ ਹੋ ਕੇ ਅਰਦਾਸ ਕਰਿਆ ਕਰੀਂ, ਪਰਮੇਸ਼ਰ ਬਹੁੜੀ ਕਰੇਗਾ। ਸੋ ਜੇ ਆਪਣੇ ਬਲ ਨਾਲ ਤੂੰ ਇਸ ਕਲਜੁਗੀ ਪ੍ਰਭਾਵ ਤੋਂ ਬਚ ਨਹੀਂ ਸਕਦਾ ਤਾਂ ਗੁਰੂ ਜੀ ਅੱਗੇ ਅਰਜੋਈ ਕਰ, ਉਹ ਸਦ ਸੁਣਦਾ ਸਦ ਵੇਖਦਾ, ਤੇਰੀ ਬਹੁੜੀ ਕਰੇਗਾ। ਅਜੇ ਸਾਧੂ ਸਿੰਘ ਠੀਕ ਠਾਕ ਤੁਰਦਾ ਫਿਰਦਾ ਹੈ ਜੇ ਕਿਸੇ ਨੇ ਟੈਲੀਵੀਜ਼ਨ ਦਾ ਹੋਇਆ ਪ੍ਰਭਾਵ ਪ੍ਰਤੱਖ ਵੇਖਣਾ ਹੋਵੇ ਤਾਂ ਇਥੇ ਗੁਰਦੁਆਰੇ ਆ ਕੇ ਉਸ ਨੂੰ ਪਹਿਲੀ ਅਵਸਥਾ ਤੇ ਹੁਣ ਦੀ ਅਵਸਥਾ ਪੁੱਛ ਲਵੇ। ਉਹ ਬਿਨਾਂ ਝਿੰਜਕ ਸਾਰਾ ਆਪਣਾ ਹਾਲ ਦੱਸ ਦਿੰਦਾ ਹੈ। ਹੁਣ ਵੀ ਜਿਸ ਘਰ ਉਹ ਜਾਂਦਾ ਹੈ ਪਹਿਲਾਂ ਪੁਛੇਗਾ ਕਿ ਟਰਾਲੀ ਹੈ ਕਿ ਨਹੀਂ। ਜੇ ਘਰ ਵਾਲਾ ਸਮਝ ਲਵੇ ਤੇ ਹਾਂ ਕਰ ਦੇਵੇ ਤਾਂ ਬਹੁਤ ਖ਼ੁਸ਼ ਹੁੰਦਾ ਹੈ। ਕਾਫ਼ੀ ਯਤਨ ਕਰਨ ਤੇ ਰੋਕਣ ਸਦਕਾ ਹੁਣ ਬਿਰਤੀ ਵਿਚ ਫਿਰ ਮੋੜ ਪੈ ਗਿਆ ਹੈ ਪਰ ਇਕ ਮਹੀਨੇ ਦੀ ਟੈਲੀਵੀਜ਼ਨ ਦੀ ਕੀਤੀ ਕੁਸੰਗਤ ਦੀ ਮਨ ਦੇ ਪਈ ਡੂੰਘੀ ਸਾਂਝ ਕਿਤੇ ਨਾ ਕਿਤੇ ਫਿਰ ਅਸਰ ਕਰ ਜਾਂਦੀ ਹੈ।

ਐ ਗੁਰੂ ਕੇ ਸਿੰਘ, ਸੰਭਲ! ਟੈਲੀਵੀਜ਼ਨ, ਕਲਜੁਗ ਦਾ ਮਿੱਠਾ ਜ਼ਹਿਰ ਹੈ। ਜ਼ਹਿਰ, ਜ਼ਹਿਰ ਹੀ ਹੈ ਭਾਵੇਂ ਉਹ ਮਿੱਠਾ ਹੀ ਕਿਉਂ ਨਾ ਲੱਗੇ। ਲੋਕਾਂ ਵਾਂਗ ਤੂੰ ਵੀ ਆਪਣੀ ਬਿਰਤੀ ਨੂੰ ਖਿੰਡਾਉ ਵਿੱਚ ਨਾ ਲਿਜਾ। ਗੁਰੂ ਪਾਤਸ਼ਾਹ ਜੀ ਨੇ ਤਾਂ ਬਿਰਤੀ ਨੂੰ ਸੰਕੋਚਣ ਲਈ ਹਦਾਇਤ ਕੀਤੀ ਹੈ, ਖਿੰਡਾਉ ਵਾਲੀ ਬਿਰਤੀ ਦੁਆਰਾ ਕੁਝ ਪੱਲੇ ਨਹੀਂ ਪੈਣਾ। ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਬਾਬਾ ਕਬੀਰ ਜੀ ਦਾ ਫ਼ੁਰਮਾਨ ਜੀਵਨ ਵਿੱਚ ਘਟਾਉਣਾ ਪਵੇਗਾ। ਬਾਬਾ ਜੀ ਜਾਮਨੀ ਦਿੰਦੇ ਹਨ ਕਿ:

**ਹੈ ਹਜੂਰਿ ਕਤ ਦੂਰਿ ਬਤਾਵਹੁ ॥**
**ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥**

**(ਭੈਰਉ ਕਬੀਰ ਜੀ, ਪੰਨਾ ੧੧੬੦)**

ਮਨ ਵਿੱਚ ਫੁਰਨਿਆਂ ਦੇ ਪਏ ਹੋਏ ਰੌਲੇ ਰੱਪੇ ਨੂੰ ਬੰਨ੍ਹ ਲਵੋ ਸੁੰਦਰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ। ਆਪਾਂ ਮਨ ਦੇ ਖਿੰਡਾਉ ਨੂੰ ਰੋਕਣ ਦਾ

ਯਤਨ ਕਰਨਾ ਹੈ, ਨਾ ਕਿ ਉਸ ਵਿੱਚ ਵਾਧਾ। ਵੇਖਣ ਨਾਲ ਜਾਂ ਸੁਣਨ ਨਾਲ ਨਾ ਅੱਖਾਂ ਦੀ ਤ੍ਰਿਪੀਤ ਹੋਣੀ ਹੈ, ਨਾ ਕੰਨਾਂ ਨੇ ਸੁਣ ਕੇ ਰੱਜਣਾ ਹੈ, ਨਾ ਮੂੰਹ ਨੇ ਬੋਲ ਬੋਲ ਕੇ ਥੱਕਣਾ ਹੈ। ਗੁਰਦੇਵ ਦੂਸਰੇ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:

**ਆਖਣੁ ਆਖਿ ਨ ਰਜਿਆ ਸੁਨਇਣ ਨ ਰਜੇ ਕੰਨ ॥**
**ਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥**
**ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥**
**ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨ ॥**

(ਮ.੨, ਪੰਨਾ ੧੪੭)

ਭਾਈ ਗੁਰਦਾਸ ਜੀ ਵੀ ਗੁਰਦੇਵ ਜੀ ਦੇ ਫ਼ੁਰਮਾਨ ਦੀ ਪ੍ਰੋੜ੍ਹਤਾ ਕਰਦੇ ਹਨ:

**ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥**
**ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੈ ॥**
**ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥**
**ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥**
**ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ ॥**
**ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥੯ ॥**

**(ਵਾਰ ੨੭, ਪਉੜੀ ੯)**

ਇਨ੍ਹਾਂ ਇੰਦਰਿਆਂ ਦੀ ਅੱਜ ਤੱਕ ਕਿਸੇ ਪਾਸੋਂ ਤ੍ਰਿਪਤੀ ਨਹੀਂ ਹੋਈ। ਇਨ੍ਹਾਂ ਦੀ ਤ੍ਰਿਪਤੀ ਗੁਰਦੇਵ ਜੀ ਦੇ ਉਪਰ ਅੰਕਿਤ ਕੀਤੇ ਉਪਦੇਸ਼ ਨੂੰ ਧਾਰਨ ਨਾਲ ਹੀ ਹੋਣੀ ਹੈ।

**ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥**

ਸਿਧੇ ਸਾਧੇ ਸਾਧੂ ਸੁਭਾਅ ਵਾਲੇ ਸਾਧੂ ਸਿੰਘ ਦੀ ਹੱਡ ਬੀਤੀ ਘਟਨਾ ਤੋਂ ਸਿਖਿਆ ਲਈਏ ਕਿ :

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੯੭ ॥**

**(ਸਲੋਕ ਕਬੀਰ ਜੀ, ਪੰਨਾ ੧੩੭੩)**

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਬੁਧਿ ਬਦਲੀ ਸਿਧਿ ਪਾਈ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।


**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ, ਬਦਲੀ ਸਿਧਿ ਪਾਈ॥**

**(ਗਉੜੀ ਕਬੀਰ ਜੀ ਪੰਨਾ ੩੩੯)**

ਬੁੱਧੀ ਦੇ ਦੋ ਰੂਪ ਹਨ ਇਕ ਸਿੱਧੀ ਤੇ ਦੂਸਰਾ ਅਸਿੱਧੀ। ਸਿੱਧੀ ਦਾ ਅਰਥ ਹੈ ਕਾਮਯਾਬੀ। ਬੁੱਧੀ ਸਿੱਧੀ ਬਣ ਜਾਏ ਤਾਂ ਜੀਵਨ ਅਨੰਦ ਬਣ ਜਾਂਦਾ ਹੈ, ਬੁੱਧੀ ਅਸਿੱਧੀ ਹੋ ਜਾਏ ਤਾਂ ਜੀਵਨ ਪ੍ਰੇਸ਼ਾਨ, ਚਿੰਤਾ, ਸ਼ੋਰ-ਸ਼ਰਾਬਾ ਰੋਣਾ-ਧੋਣਾ ਬਣ ਜਾਂਦਾ ਹੈ।

ਇਨਸਾਨ ਬੁੱਧੀ ਦੀ ਜੇ ਬਿਲਕੁਲ ਹੀ ਵਰਤੋਂ ਨਾ ਕਰੇ ਤਾਂ ਪਸ਼ੂ ਵਿਚ ਤੇ ਮਨੁੱਖ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ। ਫਿਰ ਇਹ ਪਸ਼ੂ ਵਾਂਗ ਜੀਵੇਗਾ। ਜੇ ਇਹ ਬੁੱਧੀ ਦੀ ਗਲਤ ਵਰਤੋਂ ਕਰੇ ਤਾਂ ਪਸ਼ੂਆਂ ਤੋਂ ਵੀ ਬੁਰਾ ਜੀਵਨ ਜੀਵੇਗਾ। ਕੋਈ ਪਸ਼ੂ ਏਨਾ ਦੁਖੀ ਨਹੀਂ ਹੁੰਦਾ ਜਿੰਨਾ ਕਿ ਬੁੱਧੀ ਦੀ ਗ਼ਲਤ ਵਰਤੋਂ ਕਰਨ ਵਾਲਾ ਮਨੁੱਖ ਦੁਖੀ ਹੁੰਦਾ ਹੈ।



ਬੁੱਧੀ ਇਕ ਐਸਾ ਦੀਵਾ ਹੈ ਜਿਸ ਦਾ ਪ੍ਰਕਾਸ਼ ਅੰਦਰ ਪਏ ਅਮੋਲਕ ਰਤਨ ਵੀਚਾਰ ਰੂਪੀ ਰਤਨ ਵਿਖਾ ਸਕਦਾ ਹੈ ਤੇ ਬਾਹਰ ਪਦਾਰਥ ਰੂਪੀ ਰਤਨ ਵਿਖਾ ਸਕਦਾ ਹੈ, ਪਰ ਜੇ ਬੁੱਧੀ ਦੀ ਗ਼ਲਤ ਵਰਤੋਂ ਹੋ ਜਾਵੇ ਬੰਦਾ ਆਪ ਤਾਂ ਡੁੱਬੇਗਾ ਨਾਲ ਅਨੇਕਾਂ ਨੂੰ ਲੈ ਕੇ ਡੁੱਬੇਗਾ।

ਬੁੱਧ ਵਿੱਚ ਕਿਹੜੀ ਐਸੀ ਘਾਟ ਹੈ ਜਿਹੜੀ ਮਨੁੱਖ ਨੂੰ ਲੈ ਡੁੱਬਦੀ ਹੈ। ਭਗਤ ਰਵਿਦਾਸ ਜੀ ਨੇ ਇਸ ਵਿਸ਼ੇ 'ਤੇ ਬੜਾ ਸੁੰਦਰ ਸ਼ਬਦ ਉਟਾਰਿਆ ਹੈ :

**ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥**

**(ਆਸਾ ਰਵਿਦਾਸ ਜੀ ਪੰਨਾ ੪੮੬)**

ਭਗਤ ਰਵਿਦਾਸ ਜੀ ਦੇ ਅਨੁਭਵ ਅਨੁਸਾਰ ਵਿਵੇਕ ਦਾ ਦੀਵਾ ਮਲੀਨ ਹੋ ਜਾਂਦਾ ਹੈ ਤਾਂ ਮਨੁੱਖ ਪਸ਼ੂ ਬਣ ਜਾਂਦਾ ਹੈ। ਵੀਚਾਰ ਇਕ ਦੀਵਾ ਹੈ। ਭਗਤ ਜੀ ਦਾ ਸ਼ਬਦ ਬੜਾ ਵਿਚਾਰਨ ਵਾਲਾ ਹੈ। ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਵੀਚਾਰ ਦਾ ਦੀਵਾ ਬੁਝ ਗਿਆ ਹੈ। ਉਨ੍ਹਾਂ ਕਿਹਾ ਹੈ ਵੀਚਾਰ ਮਲੀਨ ਹੋ ਗਈ ਹੈ। ਜਿਵੇਂ ਕੋਈ ਬੱਲਬ ਜਗ ਤਾਂ ਰਿਹਾ ਹੈ ਪਰ ਉਸ ਦੇ ਉੱਪਰ ਇੰਨੀ ਮੈਲ ਜੰਮ ਗਈ ਹੈ ਕਿ ਰੌਸ਼ਨੀ ਬਾਹਰ ਨਹੀਂ ਆ ਰਹੀ। ਕਿਸੇ ਲਾਲਟੈਨ ਦੀ ਚਿਮਨੀ ਕਾਲੀ ਹੋ ਜਾਏ ਤਾਂ ਅੰਦਰ ਬੱਤੀ ਤਾਂ ਜਗਦੀ ਹੈ ਪਰ ਰੌਸ਼ਨੀ ਬਾਹਰ ਨਹੀਂ ਆਉਂਦੀ। ਯਾਦ ਹੋਵੇਗਾ ਜਦੋਂ ਘਰਾਂ ਵਿੱਚ ਲਾਲਟੈਨਾਂ ਜਗਾਉਂਦੇ ਸਾਂ ਤਾਂ ਜਗਾਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਚਿਮਨੀਆਂ ਖੋਲ੍ਹ ਕੇ ਸਾਫ਼ ਕਰਦੇ ਸਾਂ। ਬੁੱਧ ਵਿੱਚ ਵੀਚਾਰ ਸ਼ਕਤੀ ਹੈ ਪਰ ਵੀਚਾਰ ਮੈਲੀ ਹੋ ਗਈ ਹੈ। ਹੁਣ ਬੰਦਾ ਤੁਰਿਆ ਜਾ ਰਿਹਾ ਹੈ ਇਸ ਨੂੰ ਦਿਸਦਾ ਨਹੀਂ ਖ਼ੂਹ ਵਿੱਚ ਡਿੱਗ ਪੈਂਦਾ ਹੈ। ਭਗਤ ਕਹਿੰਦੇ ਹਨ ਤੇਰੇ ਹੱਥ ਵਿੱਚ ਦੀਵਾ ਸੀ ਤੂੰ ਫਿਰ ਵੀ ਖ਼ੂਹ ਵਿੱਚ ਡਿੱਗ ਪਿਆ ਹੈਂ। ਇਹ ਖ਼ੂਹ ਅਵਗੁਣਾਂ ਦਾ ਖ਼ੂਹ ਹੈ, ਇਹ ਜੰਜਾਲਾਂ ਦਾ ਖ਼ੂਹ ਹੈ। ਇਕ ਨਹੀਂ ਅਨੇਕਾਂ ਡਿੱਗਦੇ ਹਨ। ਮਨੁੱਖ ਹੈ, ਬੁੱਧ ਪਾਸ ਹੈ ਫਿਰ ਗਲਤੀ ਕਰ ਰਿਹਾ ਹੈ। ਇਹ ਸੱਚ ਹੈ ਦੀਵਾ ਹੈ ਪਰ ਇਹ ਵੀ ਸੱਚ ਹੈ ਕਿ ਰੌਸ਼ਨੀ ਨਹੀਂ ਮਿਲ ਰਹੀ। ਇਹ ਸੱਚ ਹੈ ਦੀਵਾ ਹੈ ਪਰ ਇਹ ਵੀ ਸੱਚ ਹੈ ਕਿ ਰੌਸ਼ਨੀ ਨਹੀਂ ਮਿਲ ਰਹੀ। ਵਿਵੇਕ ਦਾ ਦੀਵਾ ਮਲੀਨ ਹੈ। ਬੁੱਧ ਹੈ ਪਰ ਪਰਖ ਵਾਲੀ ਬੁੱਧ ਨਹੀਂ, ਦੀਵਾ ਹੈ ਪਰ ਪ੍ਰਕਾਸ਼ ਨਹੀਂ। ਪ੍ਰਕਾਸ਼ ਨਾ ਹੋਵੇ ਤਾਂ ਦੀਵਾ ਇਕ ਭਰਮ ਬਣ ਸਕਦਾ ਹੈ, ਹੰਕਾਰ ਬਣ ਸਕਦਾ ਹੈ, ਇਕ ਬੋਝ ਬਣ ਸਕਦਾ ਹੈ। ਕਈਆਂ ਬੰਦਿਆਂ ਦੀ ਬੁੱਧ ਸਿਰਫ਼ ਭਰਮ ਹੈ। ਉਸ ਵਿੱਚੋਂ ਭਰਮ ਰੂਪੀ ਹਨੇਰੇ ਤੋਂ ਬਿਨਾਂ ਹੋਰ ਕੁਛ ਨਹੀਂ। ਕੁਝ ਐਸੇ ਹਨ ਜਿਨ੍ਹਾਂ ਨੂੰ ਹੰਕਾਰ ਹੈ ਕਿ ਮੈਂ ਬੁੱਧੀਮਾਨ ਹਾਂ। ਹੰਕਾਰ ਤੋਂ ਬਿਨਾਂ ਬੁੱਧ ਵਿੱਚੋਂ ਕੁਝ ਨਹੀਂ ਨਿਕਲ ਰਿਹਾ। ਕਈਆਂ ਦੀ ਬੁੱਧ ਸਿਰਫ਼ ਸਿਰ ਦਾ ਬੋਝ ਬਣ ਕੇ ਹੀ ਰਹਿ ਗਈ ਹੈ। ਉਹ ਸੋਚ-ਸੋਚ ਕੇ ਹੀ ਪਾਗ਼ਲ ਹੋ ਗਏ। ਉਨ੍ਹਾਂ ਦੀ ਸੋਚ ਨੂੰ ਕੋਈ ਕਿਨਾਰਾ ਨਹੀਂ ਮਿਲਦਾ।

ਸਤਿਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ ਐਸੇ ਬੰਦੇ ਦੀ ਬੁੱਧ ਮਲੀਨ ਹੋ ਜਾਂਦਾ ਹੈ ਤੇ ਉਸ ਦੇ ਮਨ ਦੀ ਅਵਸਥਾ ਐਸੀ ਹੋ ਜਾਂਦੀ ਹੈ ਜਿਵੇਂ ਕੋਈ ਅੰਨ੍ਹਾ ਖ਼ੂਹ ਵਿੱਚ ਡਿੱਗਣ ਲੱਗਾ ਹੋਵੇ ਤੇ ਕੋਈ ਪਰਉਪਕਾਰੀ ਉਸ ਨੂੰ ਬਚਾਉਣ ਲਈ ਦੱਸੇ ਕਿ ਇੱਧਰ ਖ਼ੂਹ ਹੈ ਇੱਧਰ ਨਾ ਜਾ। ਪਰ ਉਹ ਮੰਦੀ ਬੁੱਧ ਵਾਲਾ ਭਰੋਸਾ ਹੀ ਨਾ ਕਰੇ ਸਗੋਂ ਦੱਸਣ ਵਾਲੇ 'ਤੇ ਹੀ ਸ਼ੱਕ ਕਰੇ ਅਤੇ ਫਿਰ ਉਸੇ ਪਾਸੇ ਹੀ ਜਾਏ ਆਖ਼ਰ ਖ਼ੂਹ ਵਿੱਚ ਡਿੱਗ ਹੀ ਪਵੇ। ਏਸੇ ਤਰ੍ਹਾਂ ਮਨੁੱਖ ਦੇ ਅੰਦਰ ਅਗਿਆਨ ਦੀ ਅਵਸਥਾ ਹੈ। ਇਸ ਅਵਸਥਾ ਦੀ ਨਿਸ਼ਾਨੀ ਇਹ ਹੈ ਕਿ ਉਸ ਨੂੰ ਸਤਿਗੁਰੂ ਤੇ ਪ੍ਰਤੀਤ ਨਹੀਂ ਆਉਂਦੀ। ਉਸ ਦੇ ਅੰਦਰ ਕਪਟ ਹੁੰਦਾ ਹੈ। ਉਹ ਦੂਸਰੇ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ ਤੇ ਕਪਟ ਵਿੱਚ ਹੀ ਖਪ ਜਾਂਦਾ ਹੈ, ਮਰ ਜਾਂਦਾ ਹੈ ਤੇ ਹੋਰਨਾਂ ਅਨੇਕਾਂ ਨੂੰ ਕਪਟ ਦੇ ਖ਼ੂਹ ਵਿੱਚ ਲੈ ਡੁੱਬਦਾ ਹੈ।

**ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥**
**ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥**

(**ਸਲੋਕ ਮ ੪ ਪੰਨਾ ੬੫੨**)

ਮਨੁੱਖ ਦੀ ਬੁੱਧ 'ਤੇ ਇਸ ਅਵਿੱਦਿਆ ਦਾ ਇੰਨਾ ਅਸਰ ਹੈ। ਦੁਰਲਭ ਜਨਮ ਜਿਹੜਾ ਪਤਾ ਨਹੀਂ ਪ੍ਰਮਾਤਮਾ ਦੀ ਕਿਹੜੀ ਕ੍ਰਿਪਾ ਬਖਸ਼ਸ਼ ਪੁੰਨ ਦਾ ਫਲ ਮਿਲਿਆ ਸੀ, ਵਿਚਾਰਹੀਣ ਹੋਣ ਨਾਲ ਬਿਰਥਾ ਜਾ ਰਿਹਾ ਹੈ। ਇਸ ਮਨੁੱਖ ਨੂੰ ਇੰਦ੍ਰ ਰਾਜੇ ਵਰਗੇ ਰਾਜ ਘਰ ਆਸਣ ਮਿਲ ਵੀ ਜਾਣ ਪਰ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਕਿਸ ਕੰਮ ਹਨ। ਪ੍ਰਮਾਤਮਾ ਦੇ ਨਾਮ ਰਸ ਦੇ ਸੁਆਦ ਨੂੰ ਅਸੀਂ ਵਿਚਾਰਿਆ ਹੀ ਨਹੀਂ ਜਿਹੜੇ ਸੁਆਦੇ ਅੱਗੇ ਬਾਕੀ ਸਾਰੇ ਸੁਆਦ ਭੁੱਲ ਜਾਂਦੇ ਹਨ।

ਅਸੀਂ ਜਾਣਦੇ ਹੋਏ ਅਮਜਾਣ ਬਣੇ ਰਹੇ ਜੋ ਸੋਚ ਸਕਦੇ ਸਾਂ ਉਸ ਵੱਲੋਂ ਬੇਖ਼ਬਰ ਸੋਚ ਸਾਰੀ ਉਮਰ ਦੇ ਦਿਨ ਬਤੀਤ ਹੋ ਗਏ। ਇੰਦ੍ਰੀਆਂ ਬਲਵਾਨ ਹੋ ਗਈਅਂ, ਵਿਵੇਕ ਬੁੱਧ ਕਮਜ਼ੋਰ ਹੋ ਗਈ ਇਸ ਲਈ ਪਰਮ ਅਰਥ ਪ੍ਰਮਾਤਮਾ ਤੱਕ ਸਾਡੀ ਪਹੁੰਚ ਨਹੀਂ ਹੁੰਦੀ। ਬੰਦਾ ਕਦੀ-ਕਦੀ ਖ਼ੁਦ ਹੈਰਾਨ ਹੁੰਦਾ ਹੈ ਕਿ ਮੈਂ ਕਹਿੰਦਾ ਕੁਝ ਹੋਰ ਹਾਂ ਅਤੇ ਕਰਦਾ ਕੁਝ ਹੋਰ ਹਾਂ। ਐਸਾ ਕਿਉਂ ਹੁੰਦਾ ਹੈ। ਅਸਲ ਵਿੱਚ ਅਪਾਰ ਮਾਇਆ ਅੱਗੇ ਸਾਡਾ ਵੱਸ ਨਹੀਂ ਚਲਦਾ। ਮੈਂ ਉਦਾਸ ਹਾਂ, ਨਿਰਾਸ਼ ਹਾਂ ਪਰ ਆਪਣੇ ਤੋਂ ਆਪਣੀ ਮਤ ਤੋਂ ਤੇਰੀ ਬਖਸ਼ਸ਼ ਤੋਂ ਮੈਂ ਕਦੀ ਨਿਰਾਸ਼ ਨਹੀਂ ਹੁੰਦਾ। ਮੇਰੇ ਪਾਗਲਪਨ ਤੇ ਗੁੱਸਾ ਨਾ ਕਰਨਾ ਇਸ ਜੀਵ 'ਤੇ ਦਇਆ ਕਰਨੀ ਕਿਉਂਕਿ ਮੈਂ ਅਸਮਰੱਥ ਹਾਂ। ਮੈਂ ਤੇਰੀ ਸ਼ਰਣ ਵਿੱਚ ਹਾਂ, ਕ੍ਰੋਧ ਨਾ ਕਰਨਾ ਕ੍ਰਿਪਾ ਕਰਨੀ।

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥**
**ਰਾਜੇ ਇੰਦ੍ਰ ਸਮਸਰ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥**
**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**
**ਜਿਹ ਰਸ ਅਨਰਸ ਬੀਸਰਿ ਜਾਹੀ ॥ ਰਹਾਉ ॥**
**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥**
**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ਼ ਨਾਹੀ ॥**
**ਕਹੀਅਤ ਆਨ ਅਚਰੀਅਤ ਅਨ ਕਛ ਸਮਝ ਨੇ ਪਰੈ ਅਪਰ ਮਾਇਆ ॥**
**ਕਹਿ ਰਵਿਦਾਸ ਉਦਾਸ ਦਾਸ ਮਤਿ, ਪਰ ਹਰ ਕੋਪੁ ਕਰਹੁ ਜੀ ਦਇਆ ॥**

(**ਸੋਰਠਿ ਰਵਿਦਾਸ ਜੀ ਪੰਨਾ ੬੫੮**)

ਮਲੀਨ ਬੁੱਧ ਵੀ ਕੰਮ ਕਰਦੀ ਹੈ ਪਰ ਉਸ ਨਾਲ ਵਿਨਾਸ਼ ਹੁੰਦਾ ਹੈ – ਸੁੱਖ ਦਾ, ਚੰਗਿਆਈ ਦਾ, ਭਲਿਆ ਬੰਦਿਆਂ ਦਾ। ਮਲੀਨ ਬੁੱਧ ਵਾਲਾ ਬੰਦਾ ਇਸ ਸੰਸਾਰ ਰੂਪੀ ਬਾਗ ਨੂੰ ਵੀਰਾਨ ਕਰਦਾ ਹੈ। ਉਹ ਸਮੁੱਚੇ ਜਗਤ ਦੇ ਰਸਤੇ ਵਿੱਚ ਕੰਡੇ ਵਿਛਾਉਂਦਾ ਹੈ। ਉਸ ਦੀ ਬੁੱਧ ਵਿੱਚੋਂ ਵੀਚਾਰਾਂ ਨਿਕਲਦੀਆਂ ਹਨ। ਕਿਸੇ ਨੂੰ ਠੱਗਿਆ ਕਿਵੇਂ ਜਾ ਸਕਦਾ ਹੈ, ਕਿਸੇ ਦੀ ਚੋਰੀ ਕਿਵੇਂ ਹੋ ਸਕਦੀ ਹੈ। ਕਿਸੇ ਪਿਆਰ ਇਤਫ਼ਾਕ ਨਾਲ ਵਸਦੇ ਘਰ ਵਿੱਚ ਕਲੇਸ਼ ਕਿਵੇਂ ਪਾਇਆ ਜਾ ਸਕਦਾ ਹੈ। ਚੁਗਲੀ ਕਰਕੇ ਕਿਸੇ ਦਾ ਕਾਰਜ ਕਿਵੇਂ ਵਿਗਾੜਿਆ ਜਾ ਸਕਦਾ ਹੈ? ਕਿਸੇ ਅਬਲਾ ਦੀ ਇੱਜ਼ਤ ਕਿਵੇਂ ਲੁੱਟੀ ਜਾ ਸਕਦੀ ਹੈ। ਕਿਸੇ ਦੇ ਘਰ ਨੂੰ ਅੱਗ ਕਿਵੇਂ ਲਾਈ ਜਾ ਸਕਦੀ ਹੈ। ਪਰ ਜੇ ਬੁੱਧ ਵਿੱਚ ਪ੍ਰਕਾਸ਼ ਹੋ ਜਾਵੇ ਤਾਂ ਫਿਰ ਮਨ ਵਿੱਚੋਂ ਵੀਚਾਰਾਂ ਨਿਕਲਦੀਆਂ ਹਨ ਕਿ ਜਗਤ ਜਲੰਦੇ ਨੂੰ ਕਿਵੇਂ ਠਾਰਿਆ ਜਾ ਸਕਦਾ ਹੈ। ਜਿਹੜਾ ਰੱਬ ਦਾ ਪਿਆਰਾ ਵਿਵੇਕ ਬੁੱਧ ਵਾਲਾ ਹੈ ਉਹ ਤਾਂ ਮੁਕਤੀ ਦਾ ਕਾਰਨ ਬਣੇਗਾ। ਉਹ ਬੀਮਾਰੀ ਬਣ ਕੇ ਸੰਸਾਰ ਵਿੱਚ ਨਹੀਂ ਵਿਚਰੇਗਾ। ਉਹ ਤਾਂ ਸਿਆਣਾ ਵੈਦ ਬਣ ਕੇ ਵਿਚਰੇਗਾ। ਉਸ ਦੀ ਇਕ-ਇਕ ਵੀਚਾਰ ਮਨੁੱਖਤਾ ਲਈ ਔਸ਼ੁਧੀ ਹੋਵੇਗੀ।

ਅੱਜ ਮਨੁੱਖ ਨੂੰ ਇਕ ਭਰਮ ਪੈਦਾ ਹੋ ਗਿਆ ਹੈ ਕਿ ਮੇਰੀ ਬੁੱਧ ਬੜੀ ਤੇਜ਼ ਹੋ ਗਈ ਹੈ। ਮੈਂ ਬਹੁਤ ਵਿੱਦਿਆ ਪੜ੍ਹ ਲਈ ਹੈ। ਬੁੱਧ ਤੇਜ਼ ਜ਼ਰੂਰ ਹੋ ਗਈ ਹੈ, ਪਰ ਉਸ ਤਲਵਾਰ ਵਾਂਗੂ ਤੇਜ਼ ਹੋ ਗਈ ਹੈ ਜੋ ਆਪਣਿਆਂ ਬੇਗਾਨਿਆਂ ਸਾਰਿਆਂ ਨੂੰ ਕੱਟੀ ਆ ਰਹੀ ਹੈ। ਪਰ ਜਿਸ ਬੁੱਧ ਨਾਲ ਹਮੇਸ਼ਾ ਪ੍ਰਮਾਤਮਾ ਯਾਦ ਆਵੇ ਤੇ ਸ਼ੁੱਭ ਕਰਮ ਹੋਣ, ਸਰਬੱਤ ਦਾ ਭਲਾ ਹੋਵੇ। ਐਸੀ ਬੁੱਧ ਪਿੱਛੇ ਵੀ ਜਿਨ੍ਹਾਂ ਦੀ ਸੀ ਪ੍ਰਮਾਤਮਾ ਦੀ ਕ੍ਰਿਪਾ ਨਾਲ ਸੀ ਅੱਗੋਂ ਵੀ ਐਸੀ ਬੁੱਧ, ਜਿਸ ਵਿੱਚ ਵਿਵੇਕ ਦਾ ਗਿਆਨ ਦਾ ਪ੍ਰਕਾਸ਼ ਹੋਵੇ, ਪਰਮਾਤਮਾ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋਵੇਗੀ।

ਗੁਰੂ ਦੇ ਨਾਮ ਰੂਪ ਬਚਨ ਮਨ ਕਰਕੇ ਸੁਣਦਾ ਹੈ। ਉਥੇ ਹੀ ਇਹ ਪ੍ਰਕਾਸ਼ ਵਾਲੀ ਬੁੱਧ ਹੁੰਦੀ ਹੈ:

**ਬੁਧਿ ਗਿਆਨੁ ਸਰਬ ਤਹਿ ਸਿਧਿ ॥**

(**ਸੁਖਮਨੀ ਪੰਨਾ ੨੯੫**)

ਇਹ ਬੁੱਧ ਤਾਂ ਅਕਾਲ ਪੁਰਖ ਦੀ ਬਖਸ਼ਸ਼ ਹੈ। ਦੁਨਿਆਵੀ ਵਿੱਦਿਆ ਦੇ ਪੜ੍ਹਨ ਪੜ੍ਹਾਉਣ ਨਾਲ ਇਹ ਬੁੱਧ ਨਹੀਂ ਪ੍ਰਾਪਤ ਹੁੰਦੀ। ਸਤਿਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥**
**ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥**
**ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰਚਰਣਾ ਜੀਉ ॥**

(**ਮਾਝ ਮ. ੫ ਪੰਨਾ ੧੦੦**)

ਗੁਰਬਾਨੀ ਵਿੱਚ ਐਸੀ ਜੋਦੜੀ ਕੀਤੀ ਗਈ ਹੈ ਕਿ ਹੇ ਕ੍ਰਿਪਾ ਦੇ ਖ਼ਜ਼ਾਨੇ ਨਿੱਤ ਹੀ ਮੇਰੇ ਹਿਰਦੇ ਵਿਚ ਵੱਸੋ। ਮੈਨੂੰ ਇਹੋ ਜਿਹੀ ਪ੍ਰਕਾਸ਼ਮਈ ਬੁੱਧ ਪ੍ਰਦਾਨ ਕਰੋ ਕਿ ਮੇਰੀ ਪ੍ਰਭੂ ਨਾਲ ਪ੍ਰੀਤੀ ਬਣੀ ਰਹੇ।

**ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥**
**ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥**

(**ਟੋਡੀ ਮ. ੫ ਪੰਨਾ ੭੧੨**)

ਸਾਡੇ ਪਾਸ ਕੋਈ ਐਸਾ ਸਾਬਣ ਨਹੀਂ, ਨਾ ਹੀ ਐਸਾ ਜਲ ਹੈ ਜਿਸ ਨਾਲ ਸਾਡੀ ਮਲੀਨ ਬੁੱਧ ਧੋਤੀ ਜਾ ਸਕੇ। ਸਾਡੀ ਕਿਸੇ ਘਾਲਣਾ ਨਾਲ, ਸਾਡੇ ਕਿਸੇ ਕਰਮ ਨਾਲ, ਕਿਸੇ ਜਪ ਤਪ ਨਾਲ ਇਹ ਮਲੀਨ ਬੁੱਧ ਨਹੀਂ ਧੁਪ ਸਕਦੀ। ਗੁਰੂ ਨਾਨਕ ਦੇਵ ਜੀ ਨੇ ਤਾਂ ਸਪੱਸ਼ਟ ਕਿਹਾ ਹੈ ਕਿ ਜੇ ਮਤਿ ਨੂੰ ਪਾਪਾਂ ਨਾਲ ਭਰ ਲਈਏ ਤਾਂ ਸਿਰਫ ਪ੍ਰਭੂ ਨਾਮ ਦੇ ਪਿਆਰ ਨਾਲ ਹੀ ਉਹ ਧੁਪ ਸਕਦੀ ਹੈ। ਗੁਰੂ ਅਰਜਨ ਦੇਵ ਜੀ ਬੁੱਧ ਦੀ ਪਵਿੱਤਰਤਾ ਵਾਸਤੇ ਸਿਰਫ ਪ੍ਰਮਾਤਮਾ ਦੀ ਕ੍ਰਿਪਾ ਹੀ ਦੱਸਦੇ ਹਨ। ਉਹ ਰਾਗਆਸਾ ਵਿੱਚ ਫ਼ੁਰਮਾਉਂਦੇ ਹਨ :

**ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥**
**ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧ ਹਛਨਈ ॥**
**ਜਉ ਕਿਰਪਾ ਗੋਬਿੰਦ ਭਈ ॥**

ਸੁਖ ਸੰਪਤਿਰ ਨਾਮ ਫਲ ਪਾਏ ਸਤਿਗੁਰ ਮਿਲਈ ।।ਰਹਾਉ ।।
ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਾਈ ।।
ਸੰਗਿ ਬੈਠਨੋ ਕਹੀ ਨਾ ਪਾਵਤ ਹੁਣਿ ਸਗਲ ਚਰਣ ਸੇਵਈ ।।

(ਆਸਾ ਮ : ੫ ਪੰਨਾ ੪੦੨)

ਐਸੀ ਬੁੱਧੀ ਤਾਂ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

ਆਪਣੀ ਬੁੱਧੀ ਨਾਲ ਤਾਂ ਮਨੁੱਖ ਬੁਰਾਈ ਹੀ ਲੋਚਦਾ ਹੈ, ਮੰਦੀਆਂ ਵਿਚਾਰਾਂ ਤੇ ਮੰਦੇ ਕਰਮ ਹੁੰਦੇ ਹਨ ਤੇ ਅੰਤ ਜੀਵਨ ਵਿੱਚ ਨਿਰਾਸ਼ਾ, ਅਸਫਲਤਾ ਹੀ ਪੱਲੇ ਪੈਂਦੀਆਂ ਹਨ। ਜਦੋਂ ਗੁਰੂ ਬਖਸ਼ਿਸ਼ ਕਰਦਾ ਹੈ ਜਿਵੇਂ ਕੋਈ ਮਾਂ ਬੱਚੇ ਦੇ ਮੈਲੇ ਕੱਪੜੇ ਉਤਾਰ ਕੇ, ਉਸ ਨੂੰ ਨੁਹਾ ਧੁਵਾ ਕੇ ਸਵੱਛ ਬਸਤਰ ਪਾ ਦੇਂਦੀ ਹੈ ਫਿਰ ਉਹ ਬੱਚਾ ਬੜਾ ਸੁੰਦਰ ਲੱਗਦਾ ਹੈ ਇਸੇ ਤਰ੍ਹਾਂ ਸਤਿਗੁਰੂ ਸਿੱਖ ਦੀ ਮਲੀਨ ਬੁੱਧ ਬਦਲ ਦਿੰਦੇ ਹਨ ਜਿਵੇਂ ਮੈਲੇ ਕੱਪੜੇ ਬਦਲਦਿਆਂ ਬੱਚਾ ਚੀਖ਼ੋ-ਪੁਕਾਰ ਕਰਦਾ ਹੈ। ਕਈ ਵਾਰ ਸਿੱਖ ਵੀ ਏਸੇ ਤਰ੍ਹਾਂ ਹੀ ਕਰਦਾ ਹੈ ਪਰ ਗੁਰੂ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ। ਕਬੀਰ ਸਾਹਿਬ ਇਸੇ ਤਬਦੀਲੀ ਦਾ ਜ਼ਿਕਰ ਕਰਦੇ ਹਨ ਕਿ ਗੁਰੂ ਨੇ ਮੇਰੀ ਮਲੀਨ ਬੁੱਧੀ ਖੋਹ ਲਈ ਹੈ, ਬੁੱਧ ਬਦਲ ਦਿੱਤੀ ਹੈ। ਹੁਣ ਮੈਨੂੰ ਸਿੱਧੀ ਪ੍ਰਾਪਤ ਹੋਈ ਹੈ। ਹੁਣ ਮੈਂ ਸਾਫ਼ ਸੁਥਰੇ ਬੱਚੇ ਵਾਂਗੂ ਪ੍ਰਮਾਤਮਾ ਦੀ ਗੋਦ ਵਿੱਚ ਬੈਠਣ ਦੇ ਯੋਗ ਹੋਇਆ ਹਾਂ ਪਰ ਐਸੀ ਬੁੱਧ ਬਦਲ ਕੇ ਸਿੱਧੀ ਲਈ ਜ਼ਰੂਰੀ ਹੈ ਜੇ ਬਹੀਐ ਪੜ੍ਹਿਆ ਪਾਸਿ।

## ਸ਼ਬਦਾਂ ਦੇ ਸੰਯੋਗ

ਹਰਬਖਸ਼ ਸਿੰਘ ਟਾਹਲੀ

* ਆਪਣੇ ਹੱਕਾਂ ਲਈ ਹਥਿਆਰਬੰਦ ਲੜਾਈ ਲੜਨ ਵਾਲੇ ਨੂੰ ਸਰਕਾਰੀ ਭਾਸ਼ਾ ਵਿੱਚ ਅਤੰਕਵਾਦੀ ਕਿਹਾ ਜਾਂਦਾ ਹੈ ਜਦੋਂ ਕਿ ਉਸ ਦੇ ਆਪਣੇ ਲੋਕ ਉਸ ਨੂੰ ਜੁਝਾਰੂ ਅਤੇ ਮਰਨ ਉਪ੍ਰੰਤ ਸ਼ਹੀਦ ਦਾ ਨਾਮ ਦਿੰਦੇ ਹਨ।

* ਦੋ ਚੋਰ ਜਦੋਂ ਕਿਸੇ ਆਫਤ ਵਿੱਚ ਫਸ ਜਾਂਦੇ ਹਨ ਤਾਂ ਆਪਣੇ ਸਾਂਝੇ ਮੁਫਾਦ ਲਈ ਮਿਲ ਕੇ ਕੰਮ ਕਰਨ ਲੱਗਦੇ ਹਨ।

* ਗਿਆਨ ਵੰਡਣ ਵਾਲੇ ਲੋਕਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਸ ਗਿਆਨ ਦੇ ਬਦਲੇ ਵਿੱਚ ਉਸ ਨੂੰ ਪੈਸੇ ਕਿੰਨੇ ਕੁ ਮਿਲਦੇ ਹਨ।

* ਖਰੀਦਿਆ ਹੋਇਆ ਸਨਮਾਨ ਉਮਰ ਭਰ ਲਈ ਬੰਦੇ ਦੀ ਜ਼ਮੀਰ ਵਿੱਚ ਚੁਭਦਾ ਰਹਿੰਦਾ ਹੈ।

* ਕੁਰਸੀ 'ਤੇ ਬੈਠੇ ਸੱਤਾਧਾਰੀਆਂ ਨੂੰ ਕੁਝ ਲੋਕ ਬੜੇ ਸੰਘਰਸ਼ ਨਾਲ ਹੇਠਾਂ ਲਾਹੁੰਦੇ ਹਨ ਅਤੇ ਫਿਰ ਉਸੇ ਕੁਰਸੀ 'ਤੇ ਉਹ ਆਪ ਬੈਠ ਕੇ ਸੱਤਾਧਾਰੀ ਬਣ ਜਾਂਦੇ ਹਨ।

* ਬਹੁਤ ਘੱਟ ਔਰਤਾਂ ਹੁੰਦੀਆਂ ਹਨ ਜੋ ਗੁਰਦੁਆਰਿਆਂ ਵਿੱਚ ਮੈਕਅੱਪ ਕਰਕੇ ਜਾਂ ਮਹਿੰਗੇ ਸੂਟ ਪਾ ਕੇ ਨਾ ਜਾਂਦੀਆਂ ਹੋਣ।

* ਗਹਿਰੀ ਨੀਂਦ, ਗਹਿਰੀ ਚੁੱਪ ਤੇ ਗਹਿਰਾ ਪਿਆਰ ਸਿਰਫ ਰਾਤ ਦੇ ਹਨੇਰੇ ਵਿੱਚ ਹੀ ਸੰਭਵ ਹੁੰਦੇ ਹਨ।

* ਭਗਤ ਅਤੇ ਆਸ਼ਕ ਪਹਿਲੀ ਉਮਰ ਵਿੱਚ ਜਲਦੀ ਪ੍ਰਵਾਨ ਹੁੰਦੇ ਹਨ, ਉਮਰੋਂ ਟੱਪੇ ਲੋਕ ਕਦੇ ਕਿਸੇ ਦੀ ਉਡੀਕ ਨਹੀਂ ਕਰਸਕਦੇ।

* ਸੋਹਣੀ ਔਰਤ ਵੱਲ ਹਰ ਕਿਸੇ ਦਾ ਧਿਆਨ ਜ਼ਰੂਰ ਜਾਂਦਾ ਹੈ, ਅੱਗੇ ਕੋਈ ਕੀ ਸੋਚਦਾ ਹੈ ਇਹ ਉਸ ਦੀ ਸੋਚ 'ਤੇ ਨਿਰਭਰ ਕਰਦਾ ਹੈ।

* ਔਲਾਦ ਆਪਣੇ ਮਾਪਿਆਂ ਨੂੰ ਭਾਵੇਂ ਕੁਝ ਵੀ ਸਮਝੇ ਪਰ ਮਾਪੇ ਆਪਣੀ ਔਲਾਤ ਨੂੰ ਔਲਾਦ ਹੀ ਸਮਝਦੇ ਹਨ।

* ਕੁਦਰਤੀ ਆਫਤਾਂ ਵਿੱਚ ਕਿਸੇ ਗਰੀਬ ਜਾਂ ਅਮੀਰ ਵਿੱਚ ਭਿੰਨ ਭੇਦ ਨਹੀਂ ਹੁੰਦਾ, ਪਾਣੀ ਦੋਵਾਂ ਨੂੰ ਡੋਬ ਦਿੰਦਾ ਹੈ ਅਤੇ ਅੱਗ ਵੀ ਦੋਵਾਂ ਨੂੰ ਸਾੜ ਦਿੰਦੀ ਹੈ।

* ਪਿਆਰ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਵਿਅਕਤੀ ਜਦੋਂ ਦੁਬਾਰਾ ਕਿਸੇ ਔਰਤ ਨਾਲ ਪਿਆਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਵੇਲੇ ਉਸ ਵਿਅਕਤੀ ਦੇ ਅੰਦਰ ਪਿਆਰ ਨਹੀਂ ਕਾਮ ਦੀ ਭਾਵਨਾ ਹੁੰਦੀ ਹੈ।

* ਜਿਸ ਕਿਸੇ ਵਿਅਕਤੀ ਦੇ ਅੰਦਰ ਅਖੰਡ ਜੋਤ ਦਾ ਪਾਠ ਲਗਾਤਾਰ ਚਲਦਾ ਹੋਵੇ ਉਸ ਨੇ ਭਾਈਆਂ ਕੋਲੋਂ ਅਖੰਡ ਪਾਠ ਕਰਵਾ ਕੇ ਕੀ ਲੈਣਾ ਹੈ।

* ਰਾਹਾਂ 'ਤੇ ਚਲਣ ਤੋਂ ਪਹਿਲਾਂ ਰਾਹੀਂ ਦੀਆਂ ਪ੍ਰਸਥਿਤੀਆਂ ਬਾਰੇ ਜਾਇਜ਼ਾ ਲੈ ਲੈਣਾ ਸਿਆਣਪ ਹੁੰਦੀ ਹੈ।

* ਜਿਹੜਾ ਬੰਦਾ ਉਸ ਵਕਤ ਨਾ ਜਾਗੇ ਜਦੋਂ ਉਹ ਜੁਆਨ ਹੁੰਦਾ ਹੈ ਅਤੇ ਹਰ ਪਾਸਿਓਂ ਨਿਪੁੰਨ ਹੁੰਦਾ ਹੈ ਉਹ ਬੁਢਾਪੇ ਦੇ ਦਿਨਾਂ ਵਿੱਚ ਸ਼ਾਹ ਸਵਾਹਰ ਕਿਵੇਂ ਬਣ ਸਕਦਾ ਹੈ।

* ਨਸ਼ਾ ਭਾਵੇਂ ਕੋਈ ਵੀ ਹੋਵੇ ਉਹ ਬੰਦੇ ਦੇ ਸਰੀਰ ਨੂੰ ਤੋੜਦਾ ਹੈ ਅਤੇ ਰੂਹ ਨੂੰ ਕਮਜ਼ੋਰ ਕਰਦਾ ਹੈ।

* ਬਹੁਤ ਲੋਕ ਰੀਸੋ -ਰੀਸ ਸਟੇਜ 'ਤੇ ਬੋਲਣ ਤੋਂ ਝਿਜਕ ਜਾਂਦੇ ਹਨ ਅਤੇ ਅਨਾੜੀ ਬੰਦਾ ਭਾਸ਼ਣ ਦੇਕੇ ਚਲਦਾ ਹੁੰਦਾ ਹੈ ਕਿਉਂਕਿ ਵਿਦਵਾਨ ਬੰਦਾ ਸਾਹਮਣੇ ਬੈਠੇ ਲੋਕਾਂ ਦਾ ਖਿਆਲ ਰੱਖਦਾ ਹੈ ਅਤੇ ਅਨਾੜੀ ਬੰਦਾ ਸਾਹਮਣੇ ਬੈਠੇ ਲੋਕਾਂ ਨੂੰ ਆਪਣੇ ਵਰਗੇ ਸਮਝਦਾ ਹੈ।

# ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

**ਸੁਰਿੰਦਰ ਸਿੰਘ ਰੂਬੀ**



ਸਾਲ ਦੇ ਸਾਰੇ ਸਮੇਂ ਨੂੰ ਚਾਰ ਮੁੱਖ ਰੁੱਤਾਂ ਵਿਚ ਵੰਡਿਆ ਗਿਆ ਹੈ। ਸਰਦੀ, ਗਰਮੀ, ਪਤਝੜ ਅਤੇ ਬਹਾਰ ਦੀ ਰੁੱਤ। ਜੇਠ-ਹਾੜ ਦੇ ਮਹੀਨੇ, ਜੋ ਅੰਗਰੇਜ਼ੀ ਸਾਲ ਦੇ ਅੱਧ ਮਈ ਤੋਂ ਅੱਧ ਜੁਲਾਈ ਤੱਕ ਦੇ ਮਹੀਨੇ ਹੁੰਦੇ ਹਨ ਦੇ ਸਮੇਂ ਉਤਰੀ ਭਾਰਤ ਦੇ ਮੈਦਾਨੀ ਖਿੱਤੇ ਵਿਚ ਬੜੀ ਗਰਮੀ ਦੇ ਦਿਨ ਹੁੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਗਲਤੀਆਂ ਨਾਲ ਕੁਦਰਤੀ ਵਾਤਾਵਰਣ ਅਤੇ ਮੌਸਮਾਂ ਦੇ ਸਮਤੋਲ ਵਿਚ ਬੜੀਆਂ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। ਬਾਕੀ ਰੁੱਤਾਂ ਦੇ ਮੁਕਾਬਲੇ ਗਰਮੀ ਦੀ ਰੁੱਤ ਨੇ ਆਪਣੇ ਹਿੱਸੇ ਦੇ ਸਮੇਂ ਵਿਚ ਖਾਸ ਵਾਧਾ ਕਰ ਲਿਆ ਹੈ। ਕਾਰਨ ਧਰਤੀ ਤੋਂ ਜੰਗਲਾਂ ਦਾ ਘਟਨਾ, ਬ੍ਰਿਖ ਪੌਦਿਆਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਤਾਵਰਣ ਨੂੰ ਅਸ਼ੁਧ ਕਰਨ ਵਾਲੀਆਂ ਰਸਾਇਣਕ ਕ੍ਰਿਆਵਾਂ ਵਿਚ ਅਥਾਹ ਵਾਧਾ ਹੈ। ਇਸ ਸਭ ਦੇ ਬਾਵਜੂਦ ਕੁਦਰਤ ਆਪਣੀ ਮਹਾਨਤਾ ਬਰਕਰਾਰ ਰੱਖਦੀ ਹੈ ਅਤੇ ਸਮੇਂ ਦੇ ਥੋੜ੍ਹੇ ਹੇਰ ਫੇਰ ਨਾਲ ਸਾਵਨ ਭਾਦੋਂ ਦੇ ਮਹੀਨੇ ਸੜ ਤਪ ਰਹੀ ਬਨਸਪਤੀ, ਫਸਲਾਂ ਅਤੇ ਮਨੁੱਖਤਾ ਨੂੰ ਵਰਖਾ ਰਾਹੀਂ ਨਿਹਾਲ ਕਰ ਹੀ ਦਿੰਦੀ ਹੈ।

ਗੁਰਬਾਣੀ ਵਿਚ ਸਾਵਣ ਦੇ ਮਹੀਨੇ ਦੀ ਵਿਸ਼ੇਸ਼ਤਾ ਖਾਸ ਤੌਰ 'ਤੇ ਬਿਆਨ ਹੋਈ ਹੈ। ਬਾਰਾਮਾਂਹ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰ ॥**
**ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਨਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜੀਨੀ ਸਖੀਐ ਪ੍ਰਭੁ ਪਾਇਆ ਹਉ ਤਿਨ ਕੈ ਸਦਿ ਬਲਿਹਾਰ ॥**
**ਨਾਨਕ ਹਰਿ ਜੀ ਪਾਇਆ ਕਰ ਸਬਦਿ ਸਵਾਰਣਹਾਰੁ ॥**
**ਸਾਵਨ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥**

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੈ-

**ਮੋਰੀ ਰੁਣ ਝੁਨ ਲਾਇਆ ਭੈਣੇ ਸਾਵਣ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਾ ਲੋਭੀ ਲੋਭ ਲੁਭਾਇਆ ॥**
**ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੋ ਕੁਰਬਾਣੋ ॥**
**ਜਾ ਤੂ ਤਾ ਮੈ ਮਾਣ ਕੀ ਆਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**

**ਆਉ ਸੁਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ ॥**
**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥**
**ਸੀਸ ਵਢੇ ਕਰ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ ॥**
**ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥**

ਪੰਜਾਬ, ਗੁਰੂਆਂ ਪੀਰਾਂ ਦੀ, ਮੇਲਿਆਂ ਤਿਉਹਾਰਾਂ ਦੀ, ਕੁਦਰਤੀ ਨਿਆਮਤਾਂ ਨਾਲ ਭਰੀ, ਪੰਜਾਂ ਦਰਿਆਵਾਂ ਦੇ ਵਹਿਣਾਂ ਦੇ ਨਜ਼ਾਰਿਆਂ ਨਾਲ ਲਬਰੇਜ ਧਰਤੀ ਦਾ ਨਾਮ ਹੈ। ਹਰ ਸਮੇਂ ਨਾਲ, ਹਰ ਰੁੱਤ ਨਾਲ, ਦੁੱਖ ਨਾਲ ਸੁਖ ਨਾਲ, ਜੁੜੇ ਤਿਉਹਾਰਾਂ ਮੇਲਿਆਂ ਦੀ ਭਰਮਾਰ ਵਾਲੀ ਧਰਤੀ ਦਾ ਨਾਮ ਪੰਜਾਬ ਹੈ। ਹਰ ਰੁੱਤ ਦੇ ਆਪਣੇ ਤਿਉਹਾਰ ਮੇਲੇ ਹਨ। ਸਾਉਣ ਦੇ ਮਹੀਨੇ ਵਿਚ ਮਾਲਵੇ ਦੇ ਇਲਾਕੇ ਵਿਚ ਤੀਆਂ ਅਤੇ ਦੁਆਬੇ ਮਾਝੇ ਦੇ ਕੁਝ ਹਿੱਸੇ ਵਿਚ ਸਾਵੇਂ ਮਨਾਏ ਜਾਂਦੇ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਵਨ ਦੇ ਮਹੀਨੇ ਵਿਚ ਪੇਕੇ ਪਿੰਡ ਜੁੜਦੀਆਂ ਹਨ ਤੇ ਹੋਰ ਜਵਾਨ ਮੁਟਿਆਰਾਂ ਨਾਲ ਤੀਆਂ ਜਾਂ ਸਾਵਿਆਂ ਦਾ ਤਿਉਹਾਰ ਮਨਾਉਂਦੀਆਂ ਹਨ। ਨਵੀਂ ਵਿਆਹੀ ਮੁਟਿਆਰ ਦਾ ਇਸ ਮਹੀਨੇ ਪੇਕੇ ਪਿੰਡ ਜ਼ਰੂਰੀ ਆਉਣ ਦੇ ਪਿੱਛੇ ਮਿੱਥ ਜੋੜ ਲਈ ਗਈ ਕਿ ਸ਼ਾਦੀ ਤੋਂ ਬਾਅਦ ਪਹਿਲੇ ਸਾਵਨ ਦੇ ਮਹੀਨੇ ਵਿਚ ਸੱਸ ਅਤੇ ਨੂੰਹ ਦਾ ਆਪਸੀ ਮੱਥੇ ਲੱਗਣਾ ਸੱਸ ਤੇ ਭਾਰੂ ਹੁੰਦਾ ਹੈ। ਸ਼ਾਇਦ ਇਹ ਸੱਸ 'ਤੇ ਭਾਰੂ ਹੋਣਾ ਮਿਥਣਾ ਹੀ ਨਵੀਂ ਵਿਆਹੀ ਮੁਟਿਆਰ ਨੂੰ ਬਾਕੀ ਸਹੇਲੀਆਂ ਨਾਲ ਖੁਸ਼ੀਆਂ ਨਾਲ ਭਰੇ ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ

ਲੈਣ ਦੇ ਕਾਬਲ ਕਰਨ ਲਈ ਜ਼ਰੂਰੀ ਸੀ। ਜੇਕਰ ਇਹ ਭਾਰ ਕਿਸੇ ਹੋਰ ਤੇ ਹੁੰਦਾ ਤਾਂ ਸ਼ਾਇਦ ਕਈ ਸੱਸਾਂ ਨਵੀਆਂ ਨੂੰਹਾਂ ਨੂੰ ਪੂਰੇ ਮਹੀਨੇ ਭਰ ਲਈ ਪੇਕੇ ਤੋਰਨ ਤੋਂ ਗੁਰੇਜ ਵੀ ਕਰ ਲੈਂਦੀਆਂ।

ਪੇਕੇ ਗਈ ਨਵੀਂ ਨੂੰਹ ਦੇ ਪਿੱਛੇ ਸਹੁਰੇ ਪਰਿਵਾਰ ਵਿਚੋਂ ਨਨਦ, ਦਿਉਰ ਜਾਂ ਜੇਠਾਣੀ ਤੀਆਂ ਜਾਂ ਸਾਵਿਆਂ ਦਾ ਸਮਾਨ ਲੈ ਕੇ ਨੂੰਹ ਦੇ ਪੇਕੇ ਪਿੰਡ ਜਾਂਦੇ। ਸਮਾਨ ਵਿਚ ਮੁਟਿਆਰ ਲਈ ਸੂਟ, ਫੁਲਕਾਰੀ, ਸ਼ਿੰਗਾਰ ਦਾ ਸਮਾਨ, ਸੁੱਕੇ ਮੇਵਿਆਂ ਤੋਂ ਇਲਾਵਾ ਪੀਂਘ ਦਾ ਰੱਸਾ ਵੀ ਦੇਣ ਦਾ ਰਿਵਾਜ਼ ਸੀ। ਪਿੰਡ ਦੇ ਬੋਹੜ, ਪਿੱਪਲ, ਟਾਹਲੀ ਜਾਂ ਕਿੱਕਰ ਦੇ ਵੱਡੇ ਰੁੱਖ ਤੇ ਪੀਂਘ ਪਾਈ ਜਾਂਦੀ। ਮੁਟਿਆਰਾਂ ਸਾਰਾ ਸਾਰਾ ਦਿਨ ਪੀਂਘ ਝੂਟਦੀਆਂ, ਸਾਹਮਣੇ ਟਾਹਣ ਦਾ ਪੱਤਾ ਤੋੜ ਕੇ ਲਿਆਉਣ ਲਈ ਜ਼ੋਰ ਲੱਗਦੇ। ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਜਾਂ ਸਾਵੇ ਮਨਾਉਂਦੀਆਂ ਹੱਸ ਹੱਸ ਦੂਹਰੀਆਂ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਧਮਾਲਾਂ ਪਾਉਂਦੀਆਂ –

**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੱਟ ਲੈ ॥**

ਮੁਟਿਆਰਾਂ ਬੋਲੀਆਂ ਰਾਹੀਂ ਆਪਣੇ ਮਾਹੀ ਨੂੰ ਵੀ ਯਾਦ ਕਰਦੀਆਂ–

**ਰਲ ਆਓ ਸਈਓ ਨੀ ਸਭ ਤੀਆਂ ਖੇਡਣ ਜਾਈਏ**
**ਹੁਣ ਆਇਆ ਸਾਵਨ ਨੀ ਪੀਘਾਂ ਪਿਪਲੀ ਜਾ ਕੇ ਪਾਈਏ**
**ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲੇ**
**ਪਪੀਹਾ ਵੇਖੋ ਨੀ ਭੈੜਾ ਪੀ ਪੀ ਕਰ ਕੇ ਬੋਲੇ**
**ਪਏ ਪੈਲਾਂ ਪਾਉਂਦੇ ਨੀ ਬਾਗੀ ਮੋਰ ਸ਼ੋਰ ਮਚਾਇਆ**
**ਅੜੀਓ ਖਿੜ ਖਿੜ ਫੁੱਲਾਂ ਨੇ, ਸਾਨੂੰ ਮਾਹੀਆ ਯਾਦ ਕਰਾਇਆ।**

ਨਵੀਆਂ ਵਿਆਹੀਆਂ ਮੁਟਿਆਰਾਂ ਦੇ ਨਾਲ ਪਿੰਡ ਦੀਆਂ ਨੌਜਵਾਨ ਨੱਢੀਆਂ ਤੇ ਬਾਕੀ ਔਰਤਾਂ ਨੇ ਰਲ ਕੇ ਬੋਲੀਆਂ ਚੁੱਕਣੀਆਂ ਤੇ ਗਿੱਧੇ ਨੂੰ ਸਿਖਰਾਂ ਤੇ ਲੈ ਜਾਣਾ।

**ਸਾਉਣ ਮਹੀਨਾ ਚੜ ਚੜ ਆਵੇ**
**ਸਭੇ ਸਹੇਲੀਆਂ ਆਈਆਂ**
**ਸੰਤੋ ਬੰਤੋ ਹੋਈਆਂ ਕੱਠੀਆਂ**
**ਵੱਡੇ ਘਰਾਂ ਦੀਆਂ ਜਾਈਆਂ**
**ਗਿੱਧਾ ਪਾ ਰਹੀਆਂ**
**ਨਨਦਾਂ ਤੇ ਭਰਜਾਈਆਂ।**

ਪੰਜਾਬੀ ਸਾਹਿਤ ਵਿਚ ਕਵੀਆਂ ਸ਼ਾਇਰਾਂ ਨੇ ਵੀ ਇਸ ਸਮੇਂ ਨੂੰ ਕਥਨ ਬੰਦ ਕੀਤਾ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਸਾਵਨ ਵਿਚ ਲਿਖਿਆ ਹੈ–

**ਪੇਕੀਂ ਬੈਠੀਆਂ ਤਾਈਂ ਦਿਹਾਰ ਆਏ**
**ਤੇ ਸ਼ਿੰਗਾਰ ਲਾਏ ਸਹੁਰੀ ਆਈਆਂ ਨੇ**
**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ**
**ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ**
**ਖੀਰਾਂ ਰਿੱਝੀਆਂ ਪੂੜਿਆ ਡੰਝ ਲਾਹੀ**
**ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ**
**ਗਿੱਧੇ ਵੱਜਦੇ ਕਿਲਕਿਲੀ ਮੱਚਦੀ ਏ**
**ਘਟਾ ਕਾਲੀਆਂ ਵੇਖ ਕੇ ਛਾਈਆਂ ਨੇ**
**ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ.**
**ਸਾਉਣ ਮਾਂਹ ਦੇ ਸੋਹਲੇ ਗਾਂਵਦੇ ਨੇ।**

ਬਚਪਨ ਵਿਚ ਜੋ ਅਸੀਂ ਸਾਉਣ ਮਹੀਨੇ ਦੀਆਂ ਲੰਮੀਆਂ ਝੜੀਆਂ ਵੇਖੀਆਂ ਹਨ। ਉਹ ਹੁਣ ਕਿਤੇ ਅਲੋਪ ਹੋ ਗਈਆਂ ਨੇ। ਇਕ ਵਾਰ ਵਰਖਾ ਸ਼ੁਰੂ ਹੋ ਜਾਂਦੀ ਤਾਂ ਪੰਜ-ਪੰਜ, ਸੱਤ-ਸੱਤ ਦਿਨ ਲਗਾਤਾਰ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੀ ਜਾਂਦਾ। ਕਦੇ ਤੇਜ਼ ਵਰਖਾ ਤੇ ਕਦੀ ਮੱਠੀ ਮੱਠੀ ਪਰ ਲਗਾਤਾਰ ਲੱਗੀ ਰਹਿੰਦੀ। ਪਿੰਡ ਵਿਚ ਕੱਚੀ ਮਿੱਟੀ ਦੇ ਘਰਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਦੀਆਂ ਕੱਚੀਆਂ ਕੰਧਾਂ ਨੂੰ ਮਿੱਟੀ ਤੇ ਤੂੜੀ ਰਲਾ ਕੇ ਬਾਹਰੋਂ ਔਰਤਾਂ ਨੇ ਜੇਠ ਹਾੜ ਦੇ ਮਹੀਨੇ ਲੇਪ ਦੇ ਕੇ ਮਜ਼ਬੂਤ ਤੇ ਸਾਫ਼ ਕਰ ਲੈਣੀਆਂ। ਝੜੀਆਂ ਦੇ ਤੀਜੇ ਚੌਥੇ ਦਿਨ ਦਿੱਤੇ ਮਿੱਟੀ ਦੇ ਲੇਪ ਵਿਚ ਪਾਣੀ ਨਾਲ ਤਰੇੜਾ ਪੈ ਜਾਣੀਆਂ ਤੇ ਜੋ ਲੰਮੀ ਝੜੀ ਲੱਗਣ ਤੇ ਇਹ ਲੇਪ ਵੱਡੇ-ਵੱਡੇ ਟੁਕੜਿਆਂ ਦੀ ਸ਼ਕਲ ਵਿਚ ਧੜੱਮ ਕਰਦੇ ਥੱਲੇ ਡਿੱਗ ਜਾਣੇ। ਕਿਸੇ ਮਾੜੀ ਕੰਧ ਦਾ ਉਲਾਰ ਵੱਧਦਾ ਵੇਖ ਕੇ ਗਲੀਆਂ ਵਿਚ ਵਰਖਾ ਦੇ ਪਾਣੀ ਵਿਚ ਖੇਡਦੇ ਜਵਾਕਾਂ ਨੇ "ਇਹ ਉਹ ਗ ਈਆ ਗਈ ਆ, ਗਈ ਆ," ਕਰਦੇ ਧੜੱਮ ਨਾਲ ਡਿੱਗਦੀ ਕੰਧ ਤੇ ਹੱਸ ਹੱਸ ਦੂਹਰੇ ਹੋਈ ਜਾਣਾ ਤੇ ਉਧਰ ਘਰ ਦੀਆਂ ਔਰਤਾਂ ਵੱਲੋਂ ਡਿੱਗੇ ਲੇਪ ਜਾਂ ਕੰਧ ਦੀ ਮਿੱਟੀ ਰੁੜਣ ਤੋਂ ਬਚਾਉਣ ਲਈ ਫਟਾ ਫੱਟ ਕਹੀਆਂ ਬਾਟੇ ਲੈ ਕੇ ਵਰ੍ਹਦੇ ਬੱਦਲ ਵਿਚ ਮਿੱਟੀ ਸੰਭਾਲਣ ਦੇ ਨਜ਼ਾਰੇ ਆਮ ਹੁੰਦੇ ਸਨ। ਖੇਤੀ ਪ੍ਰਧਾਨ ਪੇਂਡੂ ਜੀਵਨ ਨੇ ਝੋਨੇ ਦੀ ਫਸਲ ਲਈ ਆਈ ਵਰਖਾ ਦਾ ਮਨੋ ਸਤਿਕਾਰ ਵੀ ਕਰਨਾ ਪ੍ਰੰਤੂ ਲੰਮੀ ਝੜੀ ਲੱਗਣ ਤੇ ਪਸ਼ੂਆਂ ਦਾ ਚਾਰਾ, ਚੁੱਲ੍ਹਾ ਬਾਲਣ ਲਈ ਸੁੱਕਾ ਬਾਲਣ ਅਤੇ ਮਾੜੀਆਂ ਕੰਧਾਂ ਕੋਠੇ ਡਿੱਗਣ ਦੀਆਂ ਪ੍ਰੇਸ਼ਾਨੀਆਂ ਵੀ ਝੱਲਣੀਆਂ। ਅੱਜ ਦੇ ਬਚਪਨ ਨੇ ਉਹ ਝੜੀਆਂ ਨਹੀਂ ਵੇਖੀਆਂ। ਵਾਤਾਵਰਣ ਦੀਆਂ ਤਬਦੀਲੀਆਂ ਕਾਰਨ ਝੱਟ ਫੜੱਕੇ ਵਾਲਾ ਬੱਦਲ ਹੀ ਹੁਣ ਵੇਖਣ ਨੂੰ ਮਿਲਦਾ ਹੈ ਜਿਸ ਦਾ ਖੇਤਰ ਅਧਾਰ ਵੀ ਬਹੁਤ ਘੱਟ ਹੁੰਦਾ ਹੈ। ਹੁਣ ਲੰਮੀਆਂ ਝੜੀਆਂ ਵੇਖਣ ਨੂੰ ਨਹੀਂ ਮਿਲਦੀਆਂ।

ਤੀਆਂ ਸਾਵਿਆਂ ਦੇ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਿਖਾਉਂਦੇ ਇਹ ਤਿਉਹਾਰ ਵੀ ਹੁਣ ਹੋਰ ਪੇਂਡੂ ਤਿਉਹਾਰਾਂ ਅਤੇ ਖੁਸ਼ੀਆਂ ਸਾਂਝੀਆਂ ਮਨਾਉਣ ਦੇ ਰਿਵਾਜ਼ ਹੁਣ ਘੱਟਦੇ ਜਾ ਰਹੇ ਹਨ। ਘੱਟਦੇ ਹੀ ਨਹੀਂ ਸਗੋਂ ਅਲੋਪ ਹੋਈ ਜਾ ਰਹੇ ਹਨ।

ਇਹ ਤਿਉਹਾਰ ਅਤੇ ਖੁਸ਼ੀਆਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਨਹੀਂ ਦੇ ਰਹੇ। ਹੁਣ ਤਾਂ ਕਿਤੇ ਕਿਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਹੀ ਇਹ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਲੱਗਦਾ ਹੈ ਕਿ ਉਥੇ ਵੀ ਇਹ ਬਹੁਤ ਲੰਮੇ ਸਮੇਂ ਨਹੀਂ ਚੱਲਣਗੀਆਂ। ਸਾਡੇ ਸੱਭਿਆਚਾਰ ਉਤੇ ਹੁਣ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਭਾਰੂ ਹੋ ਰਿਹਾ ਹੈ। ਰੈਪ ਦਾ ਜ਼ਮਾਨਾ ਹੈ।

ਲੋੜ ਹੈ, ਆਪਣੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ ਜਾਵੇ। ਕੁਦਰਤ ਦੀਆਂ ਨਿਆਮਤਾਂ ਨੂੰ ਖੁਸ਼ ਹੋ ਕੇ ਮਨਾਉਣਾ, ਆਪਣੇ ਜੀਵਨ ਨਾਲ ਜੋੜ ਕੇ ਰੱਖਣਾ, ਕੁਦਰਤ ਦਾ ਧੰਨਵਾਦ ਕਰਨਾ ਹੀ ਹੈ। ਉਸ ਧੰਨਵਾਦ ਤੇ, ਉਹ ਪਰਮ ਪਿਤਾ ਪ੍ਰਮਾਤਮਾ ਵੀ ਖੁਸ਼ ਹੁੰਦਾ ਹੈ। ਫਿਰ ਝੜੀਆਂ ਵੀ ਲੱਗਦੀਆਂ ਹਨ ਤੇ ਖੁਸ਼ੀਆਂ ਖੇੜਿਆਂ ਵਿਚ ਅਥਾਹ ਵਾਧਾ ਹੁੰਦਾ ਹੈ।

ਸ਼ੁਧ ਵਾਤਾਵਰਣ ਵਿਚ ਜਿਉਣ ਲਈ ਅਗਲੀਆਂ ਪੀੜ੍ਹੀਆਂ ਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਮੌਕੇ ਪ੍ਰਦਾਨ ਕਰਨ ਲਈ ਇਹ ਸਭ ਕੁਝ ਕਾਇਮ ਰੱਖਣ ਲਈ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜੁਲਾਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਵਿਚ ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਜੋ ਰਿਟ ਫਾਇਲ ਕੀਤੀ ਗਈ ਹੈ ਉਸ ਦੀ ਸੁਣਵਾਈ 9 ਜੁਲਾਈ ਨੂੰ ਹੋਈ ਸੀ। ਇਸ ਕੇਸ ਦੀ ਅਗਲੀ ਸੁਣਵਾਈ 10 ਸਤੰਬਰ 2018 ਨੂੰ ਪਾ ਦਿੱਤੀ ਗਈ ਹੈ। ਇਸ ਰਿਟ ਦੀ ਸਪੋਰਟ ਵਿਚ ਇੱਕ ਹੋਰ ਰਿਟ ਵਿਦਿਆਰਥੀਆਂ ਵੱਲੋਂ ਵੀ ਪਾਈ ਹੋਈ ਹੈ। ਜਿਸ ਵਿਚ ਮਾਨਯੋਗ ਕੋਰਟ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਬਾਰੇ ਜਲਦੀ ਤੋਂ ਜਲਦੀ ਫੈਸਲਾ ਕੀਤਾ ਜਾਵੇ, ਤਾਂ ਜੋ ਓ.ਬੀ.ਸੀ ਕੈਂਡੀਡੇਟ ਦਾਖਲਾ ਲੈਣਾ ਚਾਹੁੰਦੇ ਹਨ, ਉਹਨਾਂ ਦਾ ਖੋਇਆ ਹੋਇਆ ਹੱਕ ਮਿਲ ਸਕੇ।

ਮਿਉਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ ਵੱਲੋਂ ਪ੍ਰਾਪਰਟੀ ਟੈਕਸ ਦੀ ਰਿਕਵਰੀ ਲਈ ਫਾਉਂਡੇਸ਼ਨ ਨੂੰ ਨੋਟਿਸ ਪ੍ਰਾਪਤ ਹੋਇਆ ਹੈ। ਕਾਰਪੋਰੇਸ਼ਨ ਦੇ ਨੋਟਿਸ ਮੁਤਾਬਿਕ 6,18,680/- ਰੁਪਏ ਦਾ ਬਕਾਇਆ ਸਮੇਤ ਵਿਆਜ ਅਤੇ ਪਨੈਲਟੀ ਜੁਲਾਈ 2018 ਤੱਕ ਦਾ ਕੱਢਿਆ ਹੈ, ਇਹ ਬਕਾਇਆ 2004-05 ਤੋਂ ਲੈ ਕੇ 2011-12 ਤੱਕ ਦਾ ਪ੍ਰਾਪਰਟੀ ਟੈਕਸ ਅਤੇ ਫਾਇਰ ਸੈਸ ਦਾ ਹੈ ਅਤੇ 2014-15 ਤੱਕ ਪ੍ਰਾਪਰਟੀ ਟੈਕਸ ਘੱਟ ਜਮ੍ਹਾਂ ਕਰਵਾਉਣ ਅਤੇ ਫਾਇਰ ਸੈਸ ਨਾ ਜਮ੍ਹਾਂ ਕਰਵਾਉਣ ਦਾ ਬਕਾਇਆ 1,37,546/- ਕੱਢਿਆ ਗਿਆ ਹੈ। ਇਸ ਤਰ੍ਹਾਂ ਕੁੱਲ 6,18,680/- ਰੁਪਏ ਸਮੇਤ ਵਿਆਜ ਲਈ 31 ਜੁਲਾਈ ਤੱਕ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ। ਸਾਲ 2015-2016 ਵਿੱਚ ਵੀ ਇਸ ਬਾਰੇ ਕਾਰਪੋਰੇਸ਼ਨ ਨੇ ਜਮ੍ਹਾਂ ਕਰਵਾਉਣ ਲਈ ਕਿਹਾ ਸੀ। ਉਸ ਸਮੇਂ ਦੇ ਵਿੱਤ ਸਕੱਤਰ ਨੇ ਸਹੀ ਕੈਲਕੂਲੇਸ਼ਨ ਕਰਕੇ ਜਮ੍ਹਾਂ ਕਰਵਾਉਣ ਲਈ ਕਿਹਾ ਸੀ ਪਰ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸਾਲ 2015-16 ਵਿੱਚ ਭਵਨ ਨੇ 4,71,396/- ਰੁ: 20-04-2005 ਤੋਂ 20-11-2012 ਦਾ ਬਕਾਇਆ, ਫਾਇਰ ਸੈਸ ਅਤੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਇਆ ਹੁੰਦਾ ਤਾਂ ਦੋ ਸਾਲਾਂ ਦਾ ਵਿਆਜ ਤਕਰੀਬਨ ਦੋ ਲੱਖ ਰੁਪਏ ਬਚਾਇਆ ਜਾ ਸਕਦਾ ਸੀ। ਪ੍ਰਾਪਰਟੀ ਟੈਕਸ ਅਤੇ ਫਾਇਰ ਸੈਸ ਦਾ ਬਕਾਇਆ ਰਾਸ਼ੀ ਜੋ ਕਿ 6,18,680/- ਰੁਪਏ ਸਮੇਤ ਵਿਆਜ ਦਰਸਾਈ ਜਾ ਰਹੀ ਹੈ, ਜਮ੍ਹਾਂ ਕਰਾ ਦਿੱਤੀ ਹੈ ਅਤੇ ਨਾਲ ਹੀ ਕਮਿਸ਼ਨਰ ਸਾਹਿਬ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਇਸ ਦਾ ਵਿਆਜ਼ ਮੁਆਫ਼ ਕੀਤਾ ਜਾਵੇ। ਇਸ ਬਾਰੇ ਜੋ ਵੀ ਫੈਸਲਾ ਹੋਇਆ ਮੈਗਜੀਨ ਰਾਹੀਂ ਦੱਸ ਦਿੱਤਾ ਜਾਵੇਗਾ।

ਮਿਤੀ 08-07-2018 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ ਸੀ। ਜਿਸ ਵਿਚ ਅਹਿਮ

ਫੈਸਲੇ ਲਏ ਗਏ ਅਤੇ ਮੀਟਿੰਗ ਵਿਚ ਸਮਾਜ ਸੁਧਾਰ ਕਮੇਟੀ ਬਣਾਉਣ ਬਾਰੇ, ਡਿਸਿਪਲਨਰੀ ਕਮੇਟੀ ਬਣਾਉਣ ਵਾਸਤੇ ਅਤੇ ਜੈਨਰੇਟਰ ਸੈਟ ਖਰੀਦਣ ਬਾਰੇ ਫੈਸਲੇ ਲਏ ਗਏ। ਮੀਟਿੰਗ ਵਿਚ ਡਿਸਿਪਲਨਰੀ ਕਮੇਟੀ ਦੇ ਗਠਨ ਬਾਰੇ ਪ੍ਰਧਾਨ ਨੂੰ ਪਾਵਰਾਂ ਦਿੱਤੀਆਂ ਗਈਆਂ ਹਨ।



ਕਾਨਫਰੈਂਸ ਹਾਲ ਨੂੰ ਵੀ ਪੂਰਾ ਕਰਨ ਬਾਰੇ ਚਰਚਾ ਕੀਤੀ ਗਈ ਹੈ ਅਤੇ ਕਈ ਸੁਝਾਓ ਦਿੱਤੇ ਗਏ ਹਨ। ਸਮਾਜ ਸੁਧਾਰ ਕਮੇਟੀ ਦੇ ਗਠਨ ਵਾਸਤੇ ਵੀ ਚਰਚਾ ਕੀਤੀ ਗਈ ਅਤੇ ਫੈਸਲਾ ਲਿਆ ਗਿਆ ਕਿ ਇਸ ਕਮੇਟੀ ਵਿਚ ਸਰਪੰਚ ਅਤੇ ਹੋਰ ਪਤਵੰਤੇ ਸਜਣਾਂ ਨੂੰ ਵੀ ਲਿਆ ਜਾਵੇਗਾ।

ਮੈਡੀਕਲ ਵਿੰਗ ਬਾਰੇ:-ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇਹਨ। ਜੁਲਾਈ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 175
2. ਮੈਡੀਕਲ ਲੈਬ - 60
3. ਡੈਂਟਲ ਕਲੀਨਿਕ - 40

**ਮੈਡੀਕਲ ਕੈਂਪ ਬਾਰੇ** :- ਸ. ਮਹਿੰਦਰ ਸਿੰਘ ਡੀ.ਐਸ.ਪੀ. (ਜਲੰਧਰ) ਸੀਨੀਅਰ ਮੀਤ ਪ੍ਰਧਾਨ ਜੋ ਕਿ ਵਿਦੇਸ਼ ਚਲੇ ਗਏ ਹਨ। ਇਸ ਤਰ੍ਹਾਂ ਉਹਨਾਂ ਦੀ ਗੈਰ ਮੌਜੂਦਗੀ ਵਿਚ ਜੁਲਾਈ ਮਹੀਨੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਗਾਏ ਜਾਣ ਵਾਲੇ ਕੈਂਪਾਂ ਦਾ ਵੇਰਵਾ ਅਗਸਤ ਮਹੀਨੇ ਦੀ ਮੈਗਜ਼ੀਨ ਵਿਚ ਹੀ ਦਿੱਤਾ ਜਾਵੇਗਾ।

**ਸ. ਜਗੀਰ ਸਿੰਘ ਲਾਲੀਆ**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਫਾਊਂਡੇਸ਼ਨ ਚੰਡੀਗੜ੍ਹ।**

# ਜਦੋਂ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਫ਼ਤਹਿ ਕੀਤਾ

**ਜੋਗਿੰਦਰ ਸਿੰਘ ਅਜੈਬ (ਆਊਟਲਾਈਨ ਐਡੀਟਰ)**



ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉੱਭਰ ਆਉਂਦਾ ਹੈ। ਸਰਹਿੰਦ ਦੀ 'ਖ਼ੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ - ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਵੱਲੋਂ ਜਿੰਦਾ ਦੀਵਾਰ ਵਿਚ ਚਿਣਵਾਏ ਜਾਣ ਦਾ ਦ੍ਰਿਸ਼ ਇਕਦਮ ਸਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਸਿਰ ਸਿਜਦੇ ਵਿਚ ਝੁਕ ਜਾਂਦਾ ਹੈ।

ਬੰਦਾ ਬਹਾਦਰ ਵੱਲੋਂ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾਉਣ' ਦੀ ਘਟਨਾ ਅਤੇ ਸਾਕਾ ਸਰਹਿੰਦ ਦਾ ਆਪਸ ਵਿਚ ਬੜਾ ਨੇੜਲਾ ਤੇ ਅਟੁੱਟ ਰਿਸ਼ਤਾ ਹੈ, ਕਿਉਂਕਿ ਸਾਕਾ ਸਰਹਿੰਦ ਦੇ ਪ੍ਰਤੀਕ੍ਰਮ ਵਜੋਂ ਹੀ ਬੰਦਾ ਬਹਾਦਰ, ਸੂਬਾ ਸਰਹਿੰਦ ਨੂੰ ਲੋਹੇ ਦਾ ਸੁਹਾਗਾ ਬਣ ਕੇ ਟੱਕਰਿਆ ਅਤੇ ਉਸ ਨੂੰ ਭੋਇੰ ਵਿਚ ਮਿਲਾ ਦਿੱਤਾ।

ਦਰਅਸਲ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ-ਕੰਬਾਊ ਘਟਨਾ ਨੇ ਸਿੱਖ ਮਾਨਸਿਕਤਾ 'ਤੇ ਡੂੰਘਾ ਪੱਛ ਮਾਰਿਆ। ਬੇਸ਼ੱਕ ਗੁਰੂ ਗੋਬਿੰਦ ਸਿੰਘ ਅਡੋਲ ਰਹੇ, ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਉਧਰ, ਸਿੱਖਾਂ ਦੇ ਮਨਾਂ ਅੰਦਰ ਵੀ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉਠੀ ਸੀ।

ਮੌਕਾ ਮਿਲਦਿਆ ਹੀ ਗੁਰੂ ਸਾਹਿਬ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ 3 ਸਤੰਬਰ, 1708 ਨੂੰ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। ਗੁਰੂ ਸਾਹਿਬ ਨੇ ਬੰਦਾ ਬਹਾਦਰ (ਉਦੋਂ ਮਾਧੋ ਦਾਸ) ਨੂੰ ਅੰਮ੍ਰਿਤ ਛਕਾ ਕੇ 'ਬਹਾਦੁਰ' ਦਾ ਖ਼ਿਤਾਬ ਦੇ ਕੇ, ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਅਕਤੂਬਰ 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ।

ਦਿੱਲੀ ਪਹੁੰਚਣ ਤੱਕ ਉਸ ਨਾਲ ਕੇਵਲ ਗਿਣਤੀ ਦੇ ਸਿੰਘ ਸਨ। ਦਿੱਲੀ ਟੱਪਦਿਆਂ ਹੀ, ਗੁਰੂ ਸਾਹਿਬ ਦੇ ਹੁਕਮਨਾਮਿਆਂ ਅਤੇ ਬੰਦਾ ਬਹਾਦਰ ਦੀ ਚੁੰਬਕੀ ਖਿੱਚ ਕਰਨ, ਮਾਲਵਾ ਖੇਤਰ ਦੇ ਲਿਤਾੜੇ ਹੋਏ ਹਲ਼-ਵਾਹਕ ਵੱਡੀ ਗਿਣਤੀ ਵਿਚ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। "ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤੱਕ ਪਹੁੰਚ ਗਈ।" ਡਾ. ਗੋਕਲ ਚੰਦ ਨਾਰੰਗ। ਘੋੜ-ਸਵਾਰ ਸੈਨਿਕਾਂ ਦੀ ਗਿਣਤੀ ਬਾਰੇ ਮੁਹੰਮਦ ਕਾਸਮ ਲਿਖਦਾ ਹੈ ਕਿ "ਥੋੜ੍ਹੇ ਅਰਸੇ ਦੌਰਾਨ ਹੀ ਬੰਦਾ ਬਹਾਦਰ ਦੀ ਕਮਾਨ ਹੇਠ 4,000 ਘੋੜ-ਸਵਾਰ ਇਕੱਠੇ ਹੋ ਗਏ।"

ਬੰਦਾ ਬਹਾਦਰ ਦਾ ਸਿਦਕ, ਜੋਸ਼, ਹੌਂਸਲਾ ਤੇ ਗਤੀ ਬੇਮਿਸਾਲ ਸੀ। ਉਹ ਜਿੱਧਰ ਨੂੰ ਵੀ ਹੋ ਤੁਰਿਆ, ਰਸਤਾ ਬਣਦਾ ਗਿਆ। ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਮੁਸਤਫ਼ਾਬਾਦ, ਕਪੂਰੀ, ਸਢੌਰਾ ਤੇ ਬਨੂੜ ਨੂੰ ਫ਼ਤਹਿ ਕਰਨ ਉਪਰੰਤ ਸਿੱਖ ਆਪਣੇ ਮੁੱਖ ਨਿਸ਼ਾਨੇ-ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਖਰੜ ਤੇ ਬਨੂੜ ਵਿਚਕਾਰ ਸਿੱਖਾਂ ਦਾ ਇਕ ਸ਼ਕਤੀਸ਼ਾਲੀ ਜਥਾ, ਜੋ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦਾ ਆ ਰਿਹਾ ਸੀ, ਬੰਦਾ ਬਹਾਦਰ ਦੇ ਦਲ ਨਾਲ ਆ ਰਲ਼ਿਆ। ਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਅਤੇ ਸੂਬਾ ਸਰਹਿੰਦ ਨਾਲ ਉਚੇਚੇ ਤੌਰ 'ਤੇ ਸਿੱਝਣ ਲਈ ਉਨ੍ਹਾਂ ਨੇ ਚੱਪੜਚਿੜੀ

ਦਾ ਮੈਦਾਨ ਆ ਮੱਲਿਆ। ਪਰ ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਹੁਣ ਉਹ ਇਕ ਸ਼ਕਤੀਸ਼ਾਲੀ ਫ਼ੌਜ ਨਾਲ ਸਾਹਮਣਿਉਂ ਟੱਕਰ ਲੈ ਰਿਹਾ ਸੀ, ਜਿਸ ਦੀ ਕਮਾਂਡ ਇਕ ਸੁਲਝਿਆ ਹੋਇਆ ਪਠਾਨ ਜਰਨੈਲ ਸੂਬੇਦਾਰ ਵਜ਼ੀਰ ਖਾਂ ਕਰ ਰਿਹਾ ਸੀ।

ਸੂਬੇਦਾਰ ਵਜ਼ੀਰ ਖਾਂ ਲਗਪਗ 20 ਹਜ਼ਾਰ ਪੈਦਲ/ਘੋੜ-ਸਵਾਰ ਸੈਨਿਕਾਂ, ਵੱਡੀ ਗਿਣਤੀ ਵਿਚ ਤੋਪਾਂ ਤੇ ਹਾਥੀ ਲੈ ਕੇ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਬਹੁਤ ਸਾਰੀਆਂ ਜੰਗਾਂ ਦੇ ਜੇਤੂ ਵਜ਼ੀਰ ਖਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜ੍ਹੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਦੀ ਫ਼ੌਜ ਖੜ੍ਹੀ ਕਰ ਦਿੱਤੀ ਅਤੇ ਚੌਥੇ ਪਾਸੇ ਆਪਣੇ ਆਲ਼ੇ-ਦੁਆਲੇ ਛੋਟੀਆਂ ਤੋਪਾਂ ਬੀੜ ਕੇ, ਆਪ ਗਾਜ਼ੀਆਂ ਦੇ ਵਿਚਕਾਰ ਇਕ ਉਚੇ ਹਾਥੀ ਉਤੇ ਚੜ੍ਹ ਗਿਆ। ਗ਼ੌਰਤਲਬ ਹੈ ਕਿ ਬੰਦਾ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ, ਇਥੋਂ ਤੱਕ ਕਿ ਚੰਗੇ ਘੋੜੇ ਵੀ ਕਾਫ਼ੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਬੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ, ਪਰ ਸਿਦਕ ਉਨ੍ਹਾਂ ਦੇ ਹੱਡੀਂ ਰਚਿਆ ਹੋਇਆ ਸੀ।

12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ ’ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫੈਸਲਾਕੁੰਨ ਯੁੱਧ ਹੋਇਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫ਼ੌਜਾਂ ਦਾ ਪੱਲੜਾ ਭਾਰੀ ਰਿਹਾ। ਬਾਜੀ ਜਾਂਦੀ ਵੇਖ ਕੇ, ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ – “ਤਦ ਬੰਦਾ ਬਹਾਦਰ ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫ਼ਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ ’ਤੇ ਟੁੱਟ ਪਿਆ।” ਖ਼ੂਨ-ਡੋਲਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ “ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।” ਹਰਸਾ ਸਿੰਘ ਚਾਤਰ। ਗੱਲ ਕੀ, ਬੰਦਾ ਬਹਾਦਰ ਨੇ ਪੰਜਾਬ ਦੀ ਧਰਤੀ ਤੋਂ ਜ਼ੁਲਮ ਤੇ ਜ਼ਬਰ ਨੂੰ ਜੜ੍ਹੋਂ ਪੁੱਟਣ ਲਈ ਚੱਪੜਚਿੜੀ ਦੇ ਮੈਦਾਨ ਵਿਚ ਉਸੇ ਕ੍ਰੋਧ ਨਾਲ ਖੰਡਾ ਖਿੱਚਿਆ ਜਿਸ ਕ੍ਰੋਧ ਨਾਲ ਭਾਰਤੀ ਮਿਥਿਹਾਸ ਅਨੁਸਾਰ ਪਰਸਰਾਮ ਨੇ ਕਸ਼ੱਤਰੀ ਰਾਜਿਆਂ-ਮਹਾਰਾਜਿਆਂ ਵਿਰੁੱਧ ਖੜਗ ਖਿੱਚੀ ਸੀ।

14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਦਾ ਅਜਿਹਾ ਹਾਲ ਕੀਤਾ ਕਿ ਜ਼ੁਲਮ ਕਰਨ ਵਾਲੀਆਂ ਪੀੜ੍ਹੀਆਂ ਨੂੰ ਸਦਾ ਯਾਦ ਰਹੇਗਾ।

ਸਰਹਿੰਦ ’ਤੇ ਕਾਬਜ਼ ਹੋਣ ਉਪਰੰਤ ਬੰਦਾ ਬਹਾਦਰ ਨੇ ਆਪਣੇ ਇਕ ਪ੍ਰਮੁੱਖ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਤੇ ਨਾਹਨ ਵਿਚਕਾਰ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ ‘ਲੋਹਗੜ੍ਹ’ ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਉਸ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ’ਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸੱਤ ਸੌ ਸਾਲਾਂ ਤੋਂ ਪਏ ਗ਼ੁਲਾਮੀ ਦੇ ਜੂਲ਼ੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ ‘ਪਾਲਤੂ’ ਬਣ ਗਿਆ। ਇਸ ਤਵਾਰੀਖ਼ੀ ਸੱਚਾਈ ’ਤੇ ਅੱਲ੍ਹਾ ਯਾਰ ਖ਼ਾਂ ਜੋਗੀ ਆਪਣੀ ਮੋਹਰ ਇਉਂ ਲਗਾਉਂਦਾ ਹੈ : “ਜੋਗੀ ਜੀ ਕਹੋ ਪੰਥ ਸੇ, ਅਬ ਫ਼ਤਹਿ ਪੁਕਾਰੇ।”

ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ ‘ਬਚੂੰਗੜੀ’ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ ’ਤੇ ਪਹਿਲੀ ਵਾਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ, ਸਿੱਖ ਰਿਆਸਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਨਿਰਸੰਦੇਹ, ਬੰਦਾ ਬਹਾਦਰ ਦੀ ਕਮਾਨ ਹੇਠ ਸਿੱਖਾਂ ਦਾ ਸਰਹਿੰਦ ’ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰੱਖਦਾ ਹੈ।

## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**

**M.: 98141-28181**

**Email: ruby.surinder57@gmail.com,**

# ਚਿੱਟੇ ਨੇ ਪੁੱਤ ਖੋਹ ਲੇ ਮਾਂਵਾਂ ਦੇ

## ਨਸ਼ਿਆਂ ਦੇ ਦਲਦਲ ਵਿੱਚ ਗੁਆਚ ਰਹੀ ਪੰਜਾਬ ਦੀ ਨੌਜਵਾਨੀ



ਪੰਜਾਬ ਵਿੱਚ ਪਿਛਲੇ ਤਿੰਨ ਚਾਰ ਮਹੀਨੇ ਤੋਂ ਜੋ ਨਸ਼ਿਆਂ ਦਾ ਕਹਿਰ ਵਰਤ ਰਿਹਾ ਹੈ, ਉਹ ਕਿਸੇ ਤਰ੍ਹਾਂ ਵੀ ਮੱਧਮ ਹੋਣ ਦੀ ਦਿਸ਼ਾ ਵੱਲ ਜਾਣ ਦਾ ਨਾਮ ਤੱਕ ਨਹੀਂ ਲੈ ਰਿਹਾ। ਪ੍ਰਮੁੱਖ ਅਖ਼ਬਾਰਾਂ ਤੇ ਸ਼ੋਸਲ ਮੀਡੀਆਂ ਦੀਆਂ ਰਿਪੋਰਟਾਂ ਵਿੱਚ ਸ਼ਾਇਦ ਕੋਈ ਵੀ ਦਿਨ ਇਹਨੀ ਦਿਨੀਂ ਵਿੱਚ ਅਜਿਹਾ ਨਹੀਂ ਲੰਘਿਆ ਜਿਸ ਦਿਨ ਦੋ ਤੋਂ ਚਾਰ ਮੌਤਾਂ ਪੂਰੇ ਪੰਜਾਬ ਵਿੱਚ ਨਸ਼ਿਆਂ ਕਰਕੇ ਨਾਂ ਹੋਈਆਂ ਹੋਣ। ਪੰਜਾਬ ਅੰਦਰ ਨਸ਼ਿਆਂ ਦੀ ਮਾਰ ਨੂੰ ਲੈ ਕੇ ਦਹਿਸ਼ਤ ਤੇ ਡਰ ਵਾਲਾ ਮਾਹੌਲ ਬਣਿਆ ਹੋਇਆ ਹੈ। ਟੀ.ਵੀ. ਤੇ ਸ਼ੋਸਲ ਮੀਡੀਆ ਤੇ ਰੋ ਕੁਰਲਾ ਰਹੇ ਬੱਚਿਆਂ, ਮਾਂਵਾਂ ਤੇ ਵਿਧਵਾ ਹੋ ਰਹੀਆ ਔਰਤਾਂ ਦੀਆ ਦਿਲ ਦਹਿਲਾ ਦੇਣ ਵਾਲੀਆਂ ਚੀਕਾਂ ਦੀ ਅਵਾਜ਼ ਅਤੇ ਤਸਵੀਰਾਂ ਸਾਹਮਣੇ ਆ ਰਹੀਆਂ ਹਨ ਜੋ ਲਗਾਤਾਰ ਭਿਆਨਕ ਦ੍ਰਿਸ਼ ਪੇਸ਼ ਕਰ ਰਹੀਆਂ ਹਨ। ਅੱਜ ਸਾਰਾ ਪੰਜਾਬ ਨਸ਼ਿਆਂ ਦੇ ਦਰਿਆ ਵਿੱਚ ਰੁੜ ਰਿਹਾ ਹੈ। ਜਦੋਂ ਨਸ਼ੇ ਕਰਨ ਦਾ ਕੋਈ ਲਾਭ ਨਹੀਂ, ਤਾਕਤ ਨਹੀਂ, ਸਨਮਾਨ ਨਹੀਂ ਫਿਰ ਵੀ ਅੱਜ ਬਜ਼ਾਰਾਂ ਵਿੱਚ ਫੁਲਾਂ ਅਤੇ ਦਵਾਈਆਂ ਦੀਆਂ ਦੁਕਾਨਾਂ ਤੋਂ ਵੱਧ ਸ਼ਰਾਬ ਦੇ ਠੇਕਿਆਂ ਤੇ ਭੱਠੀਆਂ ਦੀ ਗਿਣਤੀ ਜ਼ਿਆਦਾ ਹੈ। ਤਾਕਤ ਦੀ ਥਾਂ ਤੇ ਨਸ਼ਿਆਂ ਦੀਆਂ ਦਵਾਈਆਂ ਵੱਧ ਵਿਕਦੀਆਂ ਹਨ। ਘਰ ਵਿਚਲੀ ਕਮਾਈ ਦਾ ਜ਼ਿਆਦਾ ਹਿੱਸਾ ਨਸ਼ਿਆਂ ਅਤੇ ਐਸ਼ ਪ੍ਰਸਤੀ ਵਿੱਚ ਬਰਬਾਦ ਹੋ ਜਾਂਦਾ ਹੈ। ਨਸ਼ੇ ਵੀ ਅਜਿਹੇ ਹਨ ਕਿ ਇਕ ਵਾਰ ਲੱਗ ਗਏ ਤਾਂ ਫਿਰ ਮਰਨ ਨਾਲ ਹੀ ਛੁੱਟਦੇ ਹਨ।

ਇਹ ਸਮੱਸਿਆ ਇਕ ਦਮ ਉਠ ਖੜੋਤੀ ਸਮੱਸਿਆ ਨਹੀਂ ਹੈ। ਸੰਨ ਅੱਸੀ ਦੇ ਦਹਾਕੇ ਵਿੱਚ ਪੰਜਾਬ ਨੇ ਜਿਸ ਤਰ੍ਹਾਂ ਅੱਤਵਾਦ ਦੀ ਸਮੱਸਿਆ ਤੇ ਜਿੱਤ ਪ੍ਰਾਪਤ ਕੀਤੀ ਉਹ ਦੂਜੇ ਸੂਬਿਆਂ ਲਈ ਇੱਕ ਉਦਾਹਰਣ ਬਣੀ। ਇਸ ਵੱਡੀ ਸਮੱਸਿਆਂ ਤੋਂ ਨਿਜਾਤ ਪਾਉਣ ਤੋਂ ਬਾਅਦ ਪੰਜਾਬ ਵਿੱਚ ਨਸ਼ਿਆਂ ਦੀ ਮਹਾਂਮਾਰੀ ਦੀ ਸਮੱਸਿਆ ਸ਼ੁਰੂ ਹੋਈ। ਨਸ਼ਿਆਂ ਦਾ ਮੁੱਦਾ ਪਿਛਲੇ ਦੱਸ ਸਾਲ ਦੇ ਅਰਸੇ ਵਿੱਚ ਇੱਕ ਰਾਜਨੀਤਕ ਮੁੱਦਾ ਬਣਦਿਆਂ ਬਣਦਿਆਂ ਹੀ 'ਉਡਤਾ ਪੰਜਾਬ' ਦੀ ਪ੍ਰੀਭਾਸ਼ਾ ਵਿੱਚ ਬਦਲ ਗਿਆ। ਪੰਜਾਬ ਦੀ ਨੌਜਵਾਨੀ ਚਿੱਟੇ ਨਸ਼ੇ ਦੇ ਲੋਰ ਵਿੱਚ ਵਹਿ ਤੁਰੀ। ਅੱਜ 90% ਪ੍ਰਤੀਸ਼ਤ ਨਸ਼ੇ ਸਰਕਾਰੀ ਸਰਪ੍ਰਸਤੀ ਹੇਠ ਵਿਕਦੇ ਹਨ। ਸਰਕਾਰਾਂ ਹੀ ਨਸ਼ੇ ਵਿਕਾਉਂਦੀਆਂ ਹਨ। ਸਰਕਾਰ ਠੇਕੇ ਵੇਚਦੀ ਹੈ, ਲਾਇਸੰਸ ਦੇਂਦੀ ਹੈ। ਅਫ਼ਸਰ, ਅਧਿਕਾਰੀ, ਸਿਪਾਹੀ, ਵਪਾਰੀ, ਕਾਮੇ, ਮਾਂ ਬਾਪ, ਬੱਚੇ ਸਾਰੇ ਹੀ ਤਾਂ ਨਸ਼ੇ ਵਰਤ ਰਹੇ ਹਨ ਜਾਂ ਖਰੀਦ ਰਹੇ ਹਨ ਜਾਂ ਵੇਚ ਰਹੇ ਹਨ। ਬਜ਼ਾਰ ਵਿੱਚ ਇਹ ਨਸ਼ੇ, ਖਾਣ ਵਾਲੇ ਦੀ ਲੋੜ ਅਨੁਸਾਰ 25 ਰੁਪਏ ਤੋਂ ਲੈ ਕੇ 25,000/-ਰੁਪਏ ਪ੍ਰਤੀ ਖੁਰਾਕ ਮਿਲ ਜਾਂਦੇ ਹਨ। ਇਹ ਸਮੱਸਿਆ ਇਨੀਂ ਭਿਆਨਕ ਰੂਪ ਲੈ ਚੁਕੀ ਹੈ ਕਿ ਰਾਸ਼ਟਰੀ ਪੱਧਰ ਤੇ ਨਸ਼ਿਆਂ ਦੀ ਵਰਤੋਂ ਵਿੱਚ ਪੰਜਾਬ ਦਾ ਨਾਮ ਪਹਿਲੇ ਨੰਬਰ ਤੇ ਸੁਰਖੀਆ ਵਿੱਚ ਹੈ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਇਹ ਹਾਲਤ ਬਨਣ ਦੇ ਮੁੱਖ ਕਾਰਨ ਕਈ ਹਨ। ਹਰੀ ਕ੍ਰਾਂਤੀ ਆਉਣ ਨਾਲ ਪੰਜਾਬ ਵਿੱਚ ਖੇਤੀ ਕਰਨ ਦੇ ਢੰਗ ਤਰੀਕਿਆਂ ਵਿੱਚ ਬੜਾ ਵੱਡਾ ਬਦਲਾਵ ਆਇਆ। ਖੇਤੀ ਦਾ ਪੂਰੀ ਤਰ੍ਹਾਂ ਨਾਲ ਆਧੁਨੀਕਰਨ ਹੋ ਗਿਆ। ਸੱਤਰਵਿਆਂ ਦੇ ਦਹਾਕੇ ਵਿੱਚ ਪੰਜਾਬ ਵਿੱਚ ਝੋਨੇ ਹੇਠ ਰਕਬਾ ਲਗਾਤਾਰ ਵਧਿਆ। ਆਧੁਨੀਕਰਨ ਹੋਣ ਨਾਲ ਪੰਜਾਬੀਆਂ ਨੇ ਹੱਥੀਂ ਕੰਮ ਕਰਨਾ ਬਿਲਕੁਲ ਬੰਦ ਕਰ ਦਿੱਤਾ ਜਿੰਨੀ ਕੁ ਹੱਥੀਂ ਕੰਮ ਕਰਨ ਦੀ ਲੋੜ ਸੀ, ਚਾਹੇ ਉਹ ਖੇਤਾਂ ਵਿੱਚ ਜਾਂ ਘਰਾਂ ਵਿੱਚ ਪਸ਼ੂ ਪਾਲਣ ਲਈ ਉਸ ਲਈ ਦੂਜੇ ਰਾਜਾ ਖਾਸ ਕਰਕੇ ਯੂ.ਪੀ. ਬਿਹਾਰ ਤੋਂ ਪ੍ਰਵਾਸੀ ਮਜ਼ਦੂਰਾਂ ਤੇ ਨਿਰਭਰਤਾ ਬਹੁਤ ਜ਼ਿਆਦਾ ਵੱਧ ਗਈ। 1990 ਤੱਕ ਖੇਤੀ ਦਾ ਸਾਰਾ ਹੀ ਹੱਥੀਂ ਕਰਨ ਯੋਗ ਕੰਮ ਕਾਜ ਪੂਰੇ ਤੌਰ ਤੇ ਪ੍ਰਵਾਸੀ ਮਜ਼ਦੂਰਾਂ ਨੇ ਸੰਭਾਲ ਲਿਆ। ਨਤੀਜੇ ਵਜੋਂ ਕਿਸਾਨਾਂ ਵਿੱਚ ਖੇਤੀ ਦਾ ਕੰਮ ਹੱਥੀਂ ਕਰਨ ਦਾ ਰੁਝਾਣ ਘਟਦਾ ਗਿਆ ਤੇ ਉਹ ਖੇਤੀ ਤੋਂ ਵਿਹਲੇ ਹੋ ਗਏ। ਇਸੇ ਸਮੇਂ ਦੌਰਾਨ ਪਿੰਡਾਂ ਵਿੱਚ ਮਿਲਦੀ ਗੈਰ ਮਿਆਰੀ ਪੇਂਡੂ ਸਿੱਖਿਆ ਦੇ ਅਧਾਰ ਕਾਰਨ ਪੇਂਡੂ ਬੱਚੇ ਉਚੇਰੀ ਤੇ ਮਿਆਰੀ ਸਿੱਖਿਆ ਪ੍ਰਾਪਤ ਨਾ ਕਰ ਸਕੇ। ਖੇਤੀ ਵੀ ਨਾ ਕੀਤੀ ਤੇ ਸ਼ਹਿਰਾਂ ਵਿੱਚ ਜੋ ਥੋੜ੍ਹੇ ਬਹੁਤ ਰੋਜ਼ਗਾਰ ਦੇ ਮੌਕੇ ਸਨ, ਉਸ ਵੀ ਪ੍ਰਾਪਤ ਕਰਨ ਦੇ ਕਾਬਲ ਨਾਂ ਬਣ ਸਕੇ। ਕਿਸੇ ਹੋਰ ਕੰਮ ਧੰਦੇ ਦੀ ਗੈਰ ਮੌਜੂਦਗੀ ਵਿੱਚ ਇਹ ਨੌਜਵਾਨ ਬੱਚੇ ਵਿਹਲੇ ਹੋ ਗਏ। ਪਿੰਡਾਂ ਵਿੱਚ ਵਿਹਲਿਆਂ ਦੀ ਸੰਖਿਆਂ ਵਧਦੀ ਗਈ ਤੇ ਨਸ਼ਿਆਂ ਦਾ ਰੁਝਾਣ ਵੱਧਦਾ ਗਿਆ। ਦੂਜੇ ਰਾਜਾਂ ਤੋਂ ਆਏ ਪ੍ਰਵਾਸੀ ਮਜ਼ਦੂਰ ਕਈ ਤਰ੍ਹਾਂ ਦੇ ਨਸ਼ੇ ਆਪਣੇ ਨਾਲ ਲੈ ਕੇ ਆਏ ਤੇ ਉਹ ਵੀ ਵਿਹਲੇ ਪੰਜਾਬੀ ਨੌਜਵਾਨਾਂ ਨੇ ਵਰਤਣੇ ਸ਼ੁਰੂ ਕਰ ਦਿੱਤੇ। ਸ਼ਹਿਰੀ ਕਰਨ ਵਿੱਚ ਵਾਧਾ ਹੋਣ ਕਰਕੇ, ਸ਼ਹਿਰਾਂ ਦੇ ਨਾਲ ਲੱਗਦੀਆਂ ਜ਼ਮੀਨਾਂ ਦੇ ਭਾਅ ਵੱਧ ਗਏ। ਸ਼ਹਿਰਾਂ ਦੇ ਲਾਗਲੇ ਪਿੰਡਾਂ ਦੇ ਕਿਸਾਨਾਂ ਕੋਲ ਜ਼ਮੀਨਾਂ ਵੇਚ ਕੇ ਅਸਾਨੀ ਨਾਲ ਨਕਦ ਪੈਸਾ ਆ ਗਿਆ।



ਬਿਨਾਂ ਮਿਹਨਤ ਕੀਤਿਆਂ ਪ੍ਰਾਪਤ ਹੋਏ ਇਸ ਪੈਸੇ ਨੇ ਵੀ ਨੌਜਵਾਨਾਂ ਨੂੰ ਨਸ਼ਿਆਂ ਵੱਲ ਧਕੇਲ ਦਿੱਤਾ। ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਚੰਗੇ ਭਵਿੱਖ ਦੀ ਆਸ ਵਿੱਚ ਕਾਨੂੰਨੀ ਘੱਟ ਤੇ ਗੈਰ ਕਾਨੂੰਨੀ ਤਰੀਕਿਆਂ ਨਾਲ ਜ਼ਿਆਦਾ ਰਕਮਾਂ ਖਰਚ ਕੇ ਏਜੰਟਾਂ ਰਾਹੀਂ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਕੀਤਾ। ਕਈ ਤਾਂ ਤਕਲੀਫ਼ਾਂ, ਤੰਗੀਆਂ ਕੱਟ ਕੇ ਮੰਜ਼ਿਲਾਂ ਤੇ ਪਹੁੰਚੇ ਗਏ, ਕਈਆਂ ਨਾਲ ਧੋਖੇ ਹੋ ਗਏ, ਅਜਿਹੇ ਨੌਜਵਾਨ ਪੈਸੇ ਵੀ ਲੁਟਾ ਬੈਠੇ ਤੇ ਪਹੁੰਚੇ ਵੀ ਕੀਤੇ ਨਾ। ਬਹੁਤ ਨਿਰਾਸਤਾ ਕਰਕੇ ਨਸ਼ੇ ਦੇ ਜੰਜਾਲ ਵਿੱਚ ਫੱਸ ਗਏ। ਜਿਹੜੇ ਬਾਲ ਬੱਚੇਦਾਰ ਆਪ ਪਹੁੰਚ ਕੇ ਮਿਹਨਤ ਕਰਕੇ ਪੈਸੇ ਪਿੱਛੇ ਆਪਣੇ ਪ੍ਰੀਵਾਰ ਨੂੰ ਗੁਜਾਰੇ ਲਈ ਭੇਜਦੇ ਰਹੇ ਉਹਨਾਂ ਦੇ ਵੀ ਨਵੇਂ ਜਵਾਨ ਹੋਏ ਬੱਚਿਆਂ ਨੇ ਇਸ ਪੈਸੇ ਨੂੰ ਨਜਾਇਜ਼ ਵਰਤਿਆ ਤੇ ਵਿਹਲੜਾਂ ਤੇ ਨਸ਼ੇ ਵੇਚਣ ਵਾਲਿਆਂ ਦੇ ਚੁੰਗਲ ਵਿੱਚ ਅਸਾਨੀ ਨਾਲ ਫੱਸ ਕੇ ਨਸ਼ਿਆਂ ਦੀ ਗਲਤਾਨ ਵਿੱਚ ਫਸ ਗਏ।

ਹੁਣ ਤਾਂ ਪੰਜਾਬ ਵਿੱਚ ਇਹ ਹਾਲਾਤ ਇਹ ਹਨ ਕਿ 10-12 ਸਾਲ ਦੇ ਬੱਚੇ ਤੇ ਜਵਾਨ ਔਰਤਾਂ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। 18 ਤੋਂ 35 ਸਾਲ ਦਾ ਵਰਗ ਜਿਸ ਨੇ ਸੂਬੇ ਜਾਂ ਦੇਸ਼ ਨੂੰ ਸੰਭਾਲਣਾ ਹੈ ਉਹ ਹੀ ਇਸ ਦਲਦਲ ਵਿੱਚ ਸੱਭ ਤੋਂ ਜ਼ਿਆਦਾ ਫਸ ਗਿਆ ਹੈ। ਅੱਜ ਦੀ ਪੂਰੀ ਇੱਕ ਪੀੜ੍ਹੀ ਹੀ ਬਰਬਾਦ ਹੋ ਚੁੱਕੀ ਹੈ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆਂ ਚੱਲ ਰਿਹਾ ਹੈ। ਨਸ਼ੇ ਦੀ ਸ਼ੁਰੂਆਤ ਦੇਖਾ ਦੇਖੀ ਦੋਸਤਾਂ ਮਿੱਤਰਾਂ ਦੇ ਦਬਾਅ ਹੇਠ ਹੁੰਦੀ ਹੈ ਫਿਰ ਹੌਲੀ-ਹੌਲੀ ਇਹ ਆਦਤ ਦਾ ਰੂਪ ਲੈ ਲੈਂਦੀ ਹੈ। ਆਦਤ ਪੂਰੀ ਕਰਨ ਲਈ ਚੋਰੀ, ਘਰੇਲੂ ਕਲੇਸ਼, ਲੜਾਈ ਝਗੜਾ ਆਮ ਹੋ ਜਾਂਦਾ ਹੈ। ਨਸ਼ੇ ਨਾ ਕੇਵਲ ਮਾਨਸਿਕ ਸੰਤੁਲਿਨ, ਸਰੀਰਕ ਅਵਸਥਾ ਜਾਂ ਸਮਾਜਿਕ ਰੁਤਬੇ ਨੂੰ ਤਬਾਹ ਕਰਦੇ ਹਨ ਸਗੋਂ ਪੂਰੇ ਪ੍ਰੀਵਾਰ ਨੂੰ ਹੀ ਤਬਾਹ ਕਰ ਦਿੰਦੇ ਹਨ। ਜਿਹੜੀ ਉਮਰ ਮਿਹਨਤ ਕਰਕੇ ਕਿਸੇ ਮੁਕਾਮ ਤੇ ਪਹੁੰਚਣ ਵਾਲੀ ਹੁੰਦੀ ਹੈ ਉਹੀ ਉਮਰ ਨਸ਼ਿਆਂ ਵਿੱਚ ਰੁਲ ਰਹੀ ਹੁੰਦੀ ਹੈ। ਪਹਿਲਾਂ ਦੱਸ ਸਾਲ ਅਕਾਲੀ ਸਰਕਾਰ ਨਸ਼ੇ ਦੀ ਚਰਚਾ ਨੂੰ ਇੱਕ ਰਾਜਨੀਤਕ ਰੰਗਤ ਦੇ ਕੇ ਮੁਢੋਂ ਹੀ ਨਕਰਦੀ ਹੈ। ਮੁੱਖ ਮੰਤਰੀ ਕਹਿੰਦੇ ਹਨ ਕਿ ਨਸ਼ੇ ਅੰਤਰਰਾਸ਼ਟਰੀ ਸਰਹੱਦ ਤੋਂ ਆਉਦੇਂ ਹਨ ਤੇ ਇਸ ਨੂੰ ਰੋਕਣ ਲਈ ਕੇਂਦਰ ਸਰਕਾਰ ਕੁਝ ਕਰੇ। ਕੁਝ ਵੱਡੇ ਨਸ਼ਾ ਕਾਰੋਬਾਰੀਆਂ ਤੇ ਤਸਰਕਾਂ ਨੂੰ ਫੜੇ ਜਾਣ ਤੇ ਉਹਨਾਂ ਵਲੋਂ ਕਈ ਸਿਆਸੀ ਜਮਾਤਾਂ ਦੇ ਵੱਡੇ ਵੱਡੇ ਲੀਡਰਾਂ ਦੇ ਨਾਮ ਜੱਗ ਜਾਹਰ ਹੋਏ। ਅਕਾਲੀ ਪਾਰਟੀ ਨੂੰ ਫਰਵਰੀ 2017 ਦੀਆਂ ਚੋਣਾਂ ਵਿੱਚ ਇਸ ਦਾ ਖਮਿਆਜਾ ਵੀ ਭੁਗਤਣਾ ਪਿਆ। ਵਿਰੋਧੀ ਕਾਂਗਰਸ ਪਾਰਟੀ ਨੇ ਇਸ ਮੁੱਦੇ ਨੂੰ ਚੋਣਾਂ ਵਿੱਚ ਅਕਾਲੀ ਪਾਰਟੀ ਦੀ ਨਸ਼ਿਆਂ ਵਿੱਚ ਸ਼ਮੂਲੀਅਤ ਅਤੇ ਇਸ ਨੂੰ ਕਾਬੂ ਵਿੱਚ ਕਰਨ ਦੇ ਸਮਰੱਥ ਨਾਂ ਹੋਣ ਦੇ ਇਲਜਾਮ ਲਗਾਏ। ਹੁਣ ਦੇ ਮੁੱਖ ਮੰਤਰੀ ਤੇ ਉਸ ਵੇਲੇ ਦੇ ਕਾਂਗਰਸ ਦੀ ਪ੍ਰਮੁੱਖ ਦਾਅਵੇਦਾਰ ਕੈਪਟਨ ਸਾਹਿਬ ਨੇ ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਪੰਜਾਬ ਵਿਚੋਂ ਚਾਰ ਹਫਤਿਆਂ ਵਿੱਚ ਨਸ਼ਾ ਖਤਮ ਕਰਨ ਦੀ ਕਸਮ ਵੀ ਲਈ। ਹਕੂਮਤ ਆਉਣ ਤੋਂ ਬਾਅਦ ਕੈਪਟਨ ਸਾਹਿਬ ਨੂੰ ਸਮੱਸਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੋਣ ਦਾ ਅਹਿਸਾਸ ਹੋਇਆ ਤੇ ਅੱਜ ਡੇਢ ਸਾਲ ਬੀਤ ਜਾਣ ਤੇ ਵੀ ਸਮੱਸਿਆ ਘੱਟਣ ਦੀ ਬਜਾਏ ਵਧੀ ਹੈ। ਸਰਕਾਰ ਵਲੋਂ ਮਹਿਜ ਬਿਆਨਬਾਜੀ ਹੀ ਹੋ ਰਹੀ ਹੈ। ਸਰਕਾਰ ਕੋਲ ਤਾਂ ਹੁਣ ਤੱਕ ਹੋਈਆਂ ਮੌਤਾਂ ਦੇ ਅੰਕੜੇ ਵੀ ਨਹੀਂ ਹਨ। ਸਰਕਾਰ ਅਧੀਨ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਪੁਲਿਸ ਅਧਿਕਾਰੀ ਤੇ ਹੇਠਲੇ ਅਧਿਕਾਰੀ ਨਸ਼ਾ ਵੇਚਣ ਦੇ ਜ਼ੁਰਮ ਵਿੱਚ ਫਸ ਰਹੇ ਹਨ। ਪੁਲਿਸ ਵੱਲੋਂ ਛੋਟੇ ਮੋਟੇ ਤਸਕਰ ਅਤੇ ਨਸ਼ੇੜੀਆਂ ਨੂੰ ਜੇਲਾਂ ਵਿੱਚ ਡੱਕਿਆ ਜਾ ਰਿਹਾ ਹੈ। ਪੂਰੀ ਪੰਜਾਬ ਦੀ ਪੁਲਿਸ ਹੀ ਚਿੱਟੇ ਦੇ ਪਰਛਾਵੇਂ ਹੇਠ ਦਿਖਾਈ ਦੇ ਰਹੀ ਹੈ। ਸਰਕਾਰ ਨੇ ਸਰਕਾਰੀ ਮੁਲਾਜਮਾਂ ਤੇ ਲੀਡਰਾਂ ਨੂੰ ਨਸ਼ਾ ਟੈਸਟ ਕਰਵਾਉਣ ਲਈ ਕਿਹਾ ਹੈ। ਕੀ ਇਹ ਸਮੱਸਿਆ ਦਾ ਹੱਲ ਹੈ? ਨਹੀਂ, ਜੇਕਰ ਇਹਨਾਂ ਟੈਸਟਾਂ ਵਿੱਚ ਕੋਈ ਦੋ ਚਾਰ ਜਾਂ ਦਰਜਨ ਭਰ ਮੁਲਾਜਮ ਪਾਜਿਟਿਵ ਆ ਵੀ ਜਾਣਗੇ ਤਾਂ ਕੀ ਨਸ਼ਿਆਂ ਦਾ ਵਗਦਾ ਦਰਿਆ ਬੰਦ ਹੋ ਜਾਵੇਗਾ। ਇਹ ਸਿਰਫ ਤੇ ਸਿਰਫ ਕਿਸੇ ਲੰਬੀ ਤੇ ਅਸਰਦਾਰ ਵਿਉਂਤਬੰਦੀ ਤੋਂ ਕੋਰੀ ਕੋਸ਼ਿਸ ਹੈ। ਸਰਕਾਰ ਵੱਲੋਂ ਸਿਰਫ ਪੁਲਿਸ ਤੇ ਨਿਰਭਰ ਹੋ ਕੇ ਇਸ ਸਮੱਸਿਆ ਦਾ ਹੱਲ ਲੱਭਣਾ, ਕਿਸੇ ਸਾਰਥਕ ਨਤੀਜੇ ਤੇ ਨਹੀਂ ਲੈ ਜਾਵੇਗਾ।



ਹੁਣ ਸੋਚਣ ਵਾਲੀ ਗੱਲ ਹੈ ਕਿ ਇਸ ਸਮੱਸਿਆ ਨੂੰ ਨਜਿਠਣ ਲਈ ਸਾਨੂੰ ਪੰਜਾਬੀਆਂ ਨੂੰ ਕੀ ਕਰਨਾ ਚਾਹੀਦਾ ਹੈ? ਇਹ ਤਾਂ ਸਹੀ ਹੈ ਕਿ ਜਿਸ ਰਾਸ਼ਟਰ, ਜਿਸ ਧਰਤੀ ਮਾਂ ਅਤੇ ਜਿਸ ਸਮਾਜ ਦੇ ਲੋਕਾਂ ਕੋਲੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਬੜਾ ਕੁਝ ਪ੍ਰਾਪਤ ਕਰਦੇ ਹਾਂ ਉੱਥੇ ਉਸ ਪ੍ਰਤੀ ਆਪਣੇ ਫਰਜ਼ ਜ਼ਿੰਮੇਵਾਰੀਆਂ, ਰਾਜ ਦੀ ਸੁਰੱਖਿਆ ਅਤੇ ਖੁਸ਼ਹਾਲੀ ਹਿੱਤ ਸਾਨੂੰ ਨਿਰੰਤਰ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਨਸ਼ਿਆਂ ਨੇ ਦੁਨੀਆਂ ਵਿੱਚ ਕਤਲੇਆਮ ਕਰਵਾਉਣੇ ਹਨ, ਨਸ਼ਿਆਂ ਨੇ ਬੇਟੀਆਂ, ਭੈਣਾਂ, ਮਾਂਵਾਂ ਅਤੇ ਬੱਚੀਆਂ

ਨਾਲ ਬਲਾਤਕਾਰ ਕਰਵਾਏ ਹਨ, ਬੇਟੀਆਂ, ਭੈਣਾਂ, ਮਾਵਾਂ ਨੂੰ ਵਿਧਵਾ ਕੀਤਾ ਹੈ। ਨਸ਼ਿਆਂ ਨੇ ਸੜਕਾਂ ਤੇ ਇਨਸਾਨਾਂ ਨੂੰ ਖਿਡੌਣਿਆਂ ਵਾਂਗ ਰੋਲਿਆ ਹੈ, ਨਸ਼ਿਆਂ ਨੇ ਸੂਰਬੀਰ ਤੇ ਬਹਾਦਰਾਂ ਨੂੰ ਕੀੜਿਆਂ ਮਕੌੜਿਆਂ ਵਾਂਗ ਨਾਲੀਆਂ ਵਿੱਚ ਰੋਲਿਆ ਹੈ। ਨਸ਼ਿਆਂ ਨੇ ਬਹਾਦਰ ਫੌਜਾਂ ਨੂੰ ਹਰਾਇਆ ਹੈ। ਨਸ਼ਾ ਹਮੇਸ਼ਾ ਨਾਸ਼ ਕਰਦਾ ਹੈ। ਨਸ਼ਿਆਂ ਦੀ ਇਸ ਮਹਾਂਮਾਰੀ ਨੂੰ ਠੱਲ ਪਾਉਣ ਲਈ ਸਭ ਤੋਂ ਜ਼ਰੂਰੀ ਹੈ ਪ੍ਰਬਲ ਰਾਜਨੀਤਕ ਇੱਛਾ ਸ਼ਕਤੀ ਦੀ। ਨਸ਼ਿਆਂ ਦੇ ਇੰਨੇ ਵੱਡੇ ਪੱਧਰ ਤੇ ਚੱਲ ਰਹੇ ਕਾਰੋਬਾਰ ਵਿੱਚ ਵੱਡੇ ਪੱਧਰ ਤੇ ਸ਼ਾਮਲ ਲੋਕਾਂ ਨੂੰ ਫੜਨਾ ਤਾਂ ਹੀ ਸੰਭਵ ਹੈ ਜੇਕਰ ਸਮੇਂ ਦੀਆਂ ਸਰਕਾਰਾਂ, ਪੁਲਿਸ ਅਤੇ ਜਨ ਸਾਧਾਰਨ ਮਿਲ ਕੇ ਕੰਮ ਕਰਨ।

ਲੋੜ ਹੈ ਖੇਤੀ ਦੇ ਨਾਲ ਸਹਾਇਕ ਅਤੇ ਗੈਰ ਖੇਤੀ ਧੰਦੇ ਵਿਕਸਤ ਕਰਨ ਦੀ। ਇਸ ਦੇ ਨਾਲ ਹੀ ਪਿੰਡਾਂ ਵਿੱਚ ਦਿੱਤੀ ਜਾ ਰਹੀ ਸਿੱਖਿਆ ਨੂੰ ਏਨਾਂ ਪਰਪੱਕ, ਮਿਆਰੀ ਤੇ ਸੁਯੋਗ ਬਣਾਇਆ ਜਾਵੇ ਕਿ ਬੱਚੇ ਇਥੋਂ ਪੜ੍ਹ ਲਿਖ ਕੇ ਕੋਈ ਰੁਜ਼ਗਾਰ ਪ੍ਰਾਪਤ ਕਰ ਸਕਣ ਜਾਂ ਹੱਥੀਂ ਕੰਮ ਕਰਨ। ਤਾਂ ਜੋ ਵਿਹਲੇ ਬੇਰੁਜ਼ਗਾਰਾਂ ਦੀ ਗਿਣਤੀ ਘੱਟ ਕੀਤੀ ਜਾ ਸਕੇ ਅਤੇ ਨੌਜਵਾਨ ਸ਼ਕਤੀ ਨੂੰ ਕੋਈ ਨਵੀਂ ਸੇਧ ਮਿਲ ਸਕੇ ਅਤੇ ਉਹ ਸਮਾਜ ਦੀ ਤਰੱਕੀ ਵਿੱਚ ਹਾਂ ਪੱਖੀ ਹਿੱਸਾ ਪਾ ਸਕਣ।

ਲੋੜ ਹੈ ਸੁਚਾਰੂ ਅਤੇ ਸਨਅਤ ਦੇ ਵਿਕਾਸ ਲਈ ਉਸਾਰੂ ਨੀਤੀਆਂ ਬਣਾ ਕੇ ਸੂਬੇ ਵਿੱਚ ਉਦਯੋਗਿਕ ਇਕਾਈਆਂ ਵਿੱਚ ਵਾਧਾ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ। ਧਾਰਮਿਕ ਜਥੇਬੰਦੀਆਂ ਨੂੰ ਵੀ ਨਸ਼ਿਆਂ ਖ਼ਿਲਾਫ ਸੰਘਰਸ਼ ਵਿੱਚ ਵੱਡਾ ਯੋਗਦਾਨ ਪਾਉਣਾ ਚਾਹੀਦਾ ਹੈ। ਸਰਕਾਰ ਅਤੇ ਧਾਰਮਿਕ ਜਥੇਬੰਦੀਆਂ ਮਿਲ ਕੇ ਨਸ਼ਿਆਂ ਖ਼ਿਲਾਫ ਜੰਗ ਛੇੜਣ ਤਾਂ ਜੋ ਉਸਾਰੂ ਨਤੀਜੇ ਸਾਹਮਣੇ ਆ ਸਕਣ। ਚੰਗੀ ਸਿਹਤ, ਚੰਗੇ ਗਿਆਨ ਤੇ ਵਧੀਆ ਸੁਨਹਿਰੀ ਭਵਿੱਖ ਲਈ ਸਾਦਾ ਭੋਜਨ, ਚੰਗੀਆਂ ਕਿਤਾਬਾਂ ਤੇ ਗਿਆਨ ਵਿੱਚ ਵਾਧਾ ਕਰਨ ਵਾਲੀਆਂ ਚੀਜ਼ਾਂ ਨੌਜਵਾਨਾਂ ਨੂੰ ਸੁਨਣ ਵੇਖਣ ਨੂੰ ਉਪਲਭਦ ਕਰਵਾਈਏ। ਬੱਚਿਆਂ ਨੂੰ ਬਚਪਨ ਵਿੱਚ ਹੀ ਚੰਗੇ ਸੰਸਕਾਰ ਦੇਈਏ।

ਘਰ ਵਿੱਚ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਲਿਆਈਏ, ਮਿਹਨਤ ਤੇ ਇਮਾਨਦਾਰੀ ਦਾ ਧਨ ਕਦੇ ਵੀ ਚੋਰੀ ਨਹੀਂ ਹੁੰਦਾ। ਕੋਰਟ ਕਚਿਹਰੀਆਂ ਜਾ ਨਸ਼ੇ ਦੇ ਵਿਉਪਾਰੀਆਂ ਕੋਲ ਨਹੀਂ ਜਾਂਦਾ। ਦੇਸ਼, ਪ੍ਰੀਵਾਰ ਅਤੇ ਸਮਾਜ ਨੂੰ ਨਸ਼ਾ ਰਹਿਤ ਅਪਰਾਧ ਰਹਿਤ, ਬੀਮਾਰੀ ਰਹਿਤ ਤੇ ਨਫ਼ਰਤ ਰਹਿਤ ਕਰਨ ਲਈ ਧਰਮ, ਗੁਰੂ ਅਤੇ ਗੁਰੂ ਮਰਿਆਦਾ ਦਾ ਰਸਤਾ ਅਪਨਾਉ। ਬੱਚਿਆਂ ਨੂੰ ਧੰਨ, ਕੋਠੀਆਂ, ਕਾਰਾਂ ਤੇ ਜ਼ਮੀਨਾਂ ਨਹੀਂ ਗਿਆਨ, ਸਦਾਚਾਰ, ਮਿਹਨਤ ਅਤੇ ਸਾਦਾ ਜੀਵਨ ਦੀ ਜਾਂਚ ਸਿਖਾਉ। ਇਹ ਰਸਤੇ ਸਾਨੂੰ ਸਾਡੇ ਗੁਰੂਆਂ ਪੀਰਾਂ ਤੇ ਸੰਤ ਮਹਾਤਮਾਵਾਂ ਨੇ ਦਿੱਤੇ ਹਨ। ਧਰਮ ਨਾਲ ਜੁੜ ਕੇ ਇਹਨਾਂ ਨਸ਼ਿਆਂ ਤੋਂ ਦੂਰ ਰਿਹਾ ਜਾ ਸਕਦਾ ਹੈ। ਸਮਾਜ ਦੀ ਚੇਤਨਤਾ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਇਸਦੇ ਨਾਲ ਹੀ ਖ਼ਤਮ ਹੋ ਰਹੀਆਂ ਸਿਹਤ ਸਹੂਲਤਾਂ, ਸਰਕਾਰੀ ਸਿੱਖਿਆ ਤੇ ਡੁੱਬਦੀ ਆਰਥਿਕਤਾ ਨੂੰ ਚੰਗੀਆ ਲੀਹਾਂ ਤੇ ਪਾਉਣਾ ਹੋਵੇਗਾ।

ਨਸ਼ੇ ਰੋਕਣ ਦੀ ਬਜਾਏ ਇਸ ਗੱਲ ਤੇ ਸਮਾਂ ਰਹਿੰਦੇ ਜ਼ਿਆਦਾ ਧਿਆਨ ਦਿੱਤਾ ਜਾਵੇ ਕਿ ਨੌਜਵਾਨ ਪਹਿਲਾਂ ਹੀ ਇਸ ਗਲਤ ਪਾਸੇ ਨਾ ਜਾਣ, ਉਹਨਾਂ ਨੂੰ ਵੱਧ ਤੋਂ ਵੱਧ ਮੌਕੇ ਜਿੱਤੇ ਜਾਣ ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵਿੱਚ ਮੋੜਿਆ ਜਾ ਸਕੇ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਵਿਸਰਦਾ ਜਾਂਦਾ ਪੰਜਾਬੀ ਵਿਰਸਾ

**ਇੰਜੀਨੀਅਰ ਪਰਮਿੰਦਰਜੀਤ ਸਿੰਘ/ ਕੋ ਐਡੀਟਰ, 99153-57524**

**ਭੰਡਾ-ਭੰਡਾਰੀਆ** - ਭੰਡਾ-ਭੰਡਾਰੀਆ ਖੇਡ ਵਿੱਚ ਇਕ ਲੜਕੀ ਹੇਠਾਂ ਬੈਠ ਜਾਂਦੀ ਹੈ ਤੇ ਬਾਕੀ ਦੀਆਂ ਲੜਕੀਆਂ ਆਪਣੀਆਂ ਮੁੱਠੀਆਂ ਉਸ ਦੇ ਸਿਰ ਉੱਪਰ ਰੱਖ ਕੇ ਖਲੋ ਜਾਂਦੀਆਂ ਹਨ। ਵਾਰੀ ਦੇਣ ਵਾਲੀ ਲੜਕੀ ਪੁੱਛਿਆ ਜਾਂਦਾ ਹੈ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ' ਉਹ ਜੁਆਬ ਦਿੰਦੀ ਹੈ 'ਇਕ ਮੁੱਠੀ ਚੁੱਕ ਲੈ ਦੂਜੀ ਤਿਆਰ।' ਹਰ ਵਾਰੀ ਕਹਿਣ ਦੇ ਨਾਲ-ਨਾਲ ਇਕ ਮੁੱਠੀ ਚੁੱਕ ਲਈ ਜਾਂਦੀ ਹੈ। ਅਖ਼ੀਰਲੀ ਲੜਕੀ ਦੇ ਮੁੱਠੀ ਚੁੱਕਣ ਦੇ ਨਾਲ ਹੀ ਸਾਰੀਆਂ ਲੜਕੀਆਂ 'ਹਾਏ ਹਾਏ ਦਦਈਆ ਲੜ ਗਿਆ' ਕਹਿ ਕੇ ਭੱਜ ਜਾਂਦੀਆਂ ਹਨ ਤੇ ਵਾਰੀ ਦੇਣ ਵਾਲੀ ਲੜਕੀ ਉਨ੍ਹਾਂ ਵਿੱਚੋਂ ਜਿਸ ਨੂੰ ਫੜ੍ਹ ਲਵੇ, ਉਸ ਨੂੰ ਵਾਰੀ ਦੇਣੀ ਪੈਂਦੀ ਹੈ।

**ਰੋੜੇ ਜਾਂ ਗੀਟੇ** - ਰੋੜੇ ਜਾਂ ਗੀਟੇ ਕੁੜੀਆਂ ਦੀ ਬੜੀ ਹਰਮਨ ਪਿਆਰੀ ਅਤੇ ਮਨਪਸੰਦ ਖੇਡ ਹੈ। ਗੁੱਡੀ ਪਟੋਲੇ ਦੀ ਖੇਡ ਵਾਂਗ ਹੀ ਇਹ ਖੇਡ ਵੀ ਕੁੜੀਆਂ ਦੀ ਇਕ ਪ੍ਰਸਿੱਧ ਲੋਕ-ਖੇਡ ਹੈ ਅਤੇ ਪੰਜਾਬ ਤੋਂ ਬਾਹਰ ਹੋਰਨਾਂ ਰਾਜਾਂ ਵਿੱਚ ਵੀ ਖੇਡੀ ਜਾਂਦੀ ਹੈ। ਇਸ ਖੇਡ ਦੇ ਹੋਰ ਨਾਂ-ਪੰਜ ਗੀਟੜਾ, ਟਾਹਣਾ, ਰੋੜੇ ਤੇ ਬੋਚੇ ਵੀ ਹਨ। ਇਸ ਖੇਡ ਦਾ ਸਮਾਨ ਪੰਜ ਗੀਟੇ/ਰੋੜੇ ਅਤੇ ਇਕ ਗੇਂਦ ਹੀ ਹੈ। ਪੰਜ ਗੀਟਿਆਂ ਨਾਲ ਵੀ ਅਤੇ ਇਕ ਗੇਂਦ ਹੀ ਹੈ। ਪੰਜ ਗੀਟਿਆਂ ਨਾਲ ਵੀ ਅਤੇ ਗੇਂਦ ਤੋਂ ਬਗੈਰ ਵੀ ਇਸ ਨੂੰ ਖੇਡਿਆ ਜਾਂਦਾ ਹੈ।

ਪਹਿਲਾਂ ਵਾਰੀ ਲੈਣ ਵਾਲੀ ਕੁੜੀ ਹੌਲੀ ਦੇਣੀ ਰੜਿਆਂ ਨੂੰ ਜ਼ਮੀਨ 'ਤੇ ਖਲਾਰਦੀ ਹੈ।

ਪਹਿਲੀ ਵਾਰੀ ਉਹ ਇਕ ਗੀਟਾ ਉੱਪਰ ਉਛਾਲ ਕੇ ਉਸ ਨੂੰ ਬੋਚਣ ਤੋਂ ਪਹਿਲਾਂ ਇਕ ਇਕ ਗੀਟਾ ਹੇਠੋਂ ਚੁੱਕਣਾ ਹੁੰਦਾ ਹੈ। ਫਿਰ ਦੋ-ਦੋ, ਇਸ ਤੋਂ ਬਾਅਦ ਤਿੰਨ ਅਤੇ ਫਿਰ ਚਾਰ ਚੁੱਕ ਕੇ ਸਾਰਿਆਂ ਗੀਟਿਆਂ ਨਾਲ ਸਿੱਧ-ਪੁੱਠ ਕਰਨੇ, ਕੁੱਤਾ ਖੇਡ ਅਤੇ ਕੋਠੀ ਖੇਡ ਪੂਰੀ ਕਰਕੇ ਬਾਜ਼ੇ ਚੜਾਣੇ ਹੁੰਦੇ ਹਨ। ਇਸ ਤਰ੍ਹਾਂ ਖੇਡ ਫਿਰ ਸ਼ੁਰ ਹੋ ਜਾਂਦੀ ਹੈ। ਜੇਕਰ ਉਸ ਕੋਲੋਂ ਗੀਟਿਆਂ ਨੂੰ ਦੂਜਾ ਹੱਥ ਲੱਗ ਜਾਵੇ, ਗੀਟੇ ਨਾਲ ਗੀਟਾ ਹਿੱਲ ਜਾਵੇ ਜਾਂ ਉੱਪਰ ਸੁੱਟਿਆ ਗੀਟਾ ਬੋਚਿਆ ਨਾ ਜਾ ਸਕੇ ਤਾਂ ਉਸ ਦੀ ਵਾਰੀ ਖ਼ਤਮ ਹੋ ਜਾਂਦੀ ਹੈ ਅਤੇ ਦੂਜੀ ਦੀ ਵਾਰੀ ਸ਼ੁਰੂ ਹੋ ਜਾਂਦੀ ਹੈ। ਇਸੇ ਤਰ੍ਹਾਂ ਉਹ ਕਾਫ਼ੀ ਦੇਰ ਤੱਕ ਖੇਡਦੀਆਂ ਰਹਿੰਦੀਆਂ ਹਨ। ਜਿਹੜੀ ਕੁੜੀ ਬਹੁਤੀਆਂ ਬਾਜ਼ੀਆਂ ਬਣਾ ਲਵੇ ਉਹ ਜਿੱਤੀ ਸਮਝੀ ਜਾਂਦੀ ਹੈ।

**ਰੱਖੜੀ ਤੇ ਟਿੱਕਾ ਭਾਈ ਦੂਜ** - ਇਹ ਭੈਣਾਂ ਤੇ ਵੀਰਾਂ ਦੇ ਪਿਆਰ ਦਾ ਤਿਉਹਾਰ ਹੈ ਅਤੇ ਇਹ ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਆਪਣੇ ਵੀਰਾਂ ਦੇ ਰੱਖੜੀ ਬੰਨ੍ਹਦੀਆਂ ਹਨ ਅਤੇ ਵੀਰ ਆਪਣੇ ਵਿੱਤ ਅਨੁਸਾਰ ਭੈਣਾਂ ਨੂੰ ਮਾਇਆ ਜਾਂ ਗਹਿਣੇ ਆਦਿ ਦਿੰਦੇ ਹਨ।

ਇਸ ਤਿਉਹਾਰ ਨੂੰ ਪੁਰਾਤਨ ਸਮੇਂ ਤੋਂ ਮਨਾਇਆ ਜਾਂਦਾ ਆ ਰਿਹਾ ਹੈ ਅਤੇ ਇਸ ਨੂੰ ਮਨਾਉਣ ਪਿੱਛੇ ਕਈ ਮਿਥਿਹਾਸਕ ਕਥਾਵਾਂ ਪ੍ਰਚੱਲਿਤ ਹਨ। ਕਿਹਾ ਜਾਂਦਾ ਹੈ ਕਿ ਬ੍ਰਾਹਮਣਾਂ ਨੇ ਰਾਕਸ਼ਾਂ ਤੋਂ ਆਪਣੀ ਰੱਖਿਆ ਕਰਨ ਲਈ ਰਾਜੇ ਇੰਦਰ ਨੂੰ ਇਹ ਬੰਧਨ ਬੰਨ੍ਹਿਆ ਸੀ। ਇਸ ਤਰ੍ਹਾਂ ਇਸ ਤਿਉਹਾਰ ਦਾ ਨਾਂ 'ਰਖਸ਼ਾ ਬੰਧਨ' ਪਿਆ।

ਇਹ ਕਥਾ ਵੀ ਪ੍ਰਚਿੱਲਤ ਹੈ ਕਿ ਪਿਛਲੇ ਸਮਿਆਂ ਵੱਚ ਜਦੋਂ ਕੋਈ ਬਾਹਰਲਾ ਧਾੜਵੀ ਦੇਸ਼ 'ਤੇ ਹਮਲਾ ਕਰਦਾ ਸੀ ਤਾਂ ਭੈਣਾਂ ਆਪਣੇ ਵੀਰਾਂ ਨੂੰ ਆਪਣੇ ਪਰਿਵਾਰ ਦੀ, ਮਾਵਾਂ ਦੀ ਅਤੇ ਦੇਸ਼ ਕੌਮ ਦੀ ਰੱਖਿਆ ਕਰਨ ਲਈ ਸ਼ਹੀਦੀ ਗਾਨ੍ਹੇ ਬੰਨ੍ਹ ਕੇ ਰਣਭੂਮੀ ਵਿੱਚ ਵੀਰਤਾ ਨਾਲ ਜੂਝਣ ਲਈ ਵੈਰੀਆਂ ਨੂੰ ਕਰਾਰੀ ਹਾਰ ਦੇਣ ਲਈ ਖੁਸ਼ੀ-ਖੁਸ਼ੀ ਤੋਰਦੀਆਂ ਸਨ।

ਇਕ ਕਥਾ ਇਸ ਤਰ੍ਹਾਂ ਪ੍ਰਚਲਿਤ ਹੈ: "ਇਕ ਵਾਰ ਦੇਵਤਿਆਂ ਤੇ ਦੈਂਤਾਂ ਦਾ ਯੁੱਧ 12ਵਰ੍ਹੇ ਹੁੰਦਾ ਰਿਹਾ ਤੇ ਅੰਤ ਵਿੱਚ ਦੈਤਾਂ ਨੇ ਦੇਵਤਿਆਂ ਨੂੰ ਸਣੇ ਇੰਦਰ-ਦੇਵਤੇ ਹਰਾ ਦਿੱਤਾ। ਇੰਦਰ ਬੜਾ ਦੁਖੀ ਹੋਇਆ। ਇੰਦਰਾਣੀ ਨੇ ਉਸ ਦਾ ਹੌਂਸਲਾ ਵਧਾਉਂਦੇ ਹੋਏ ਉਸ ਨੂੰ ਚਿੰਤਾ ਕਰਨ ਤੋਂ ਮਨ੍ਹਾਂ ਕਰ ਦਿੱਤਾ। ਦੂਜੇ ਦਿਨ ਸਾਵਣ ਦੀ ਪੂਰਨਮਾਸ਼ੀ ਸੀ। ਸੋ ਹਾਰ ਨੂੰ ਜਿੱਤ ਵਿੱਚ ਵਟਾਣ ਲਈ ਇੰਦਰਾਣੀ ਨੇ ਬ੍ਰਾਹਮਣਾਂ ਕੋਲੋਂ ਮੰਤਰ ਪੂਜਾ ਕਰਾ ਕੇ ਇੰਦਰ ਦੇ ਸੱਜੇ ਹੱਥ ਰਖਸਾ ਦੀ ਪੋਟਲੀ ਬੰਨ੍ਹ ਦਿੱਤੀ। ਰਖਸ਼ਾ ਬੰਧਨ ਬੰਨ੍ਹ ਕੇ ਜਦ ਇੰਦਰ ਨੇ ਯੁੱਧ ਕੀਤਾ ਤਾਂ ਉਸ ਦੀ ਜਿੱਤ ਹੋਈ।

ਸਮਾਂ ਬਦਲਣ ਨਾਲ ਇਸ ਤਿਉਹਾਰ ਦੇ ਭਾਵ ਬਿਲਕੁਲ ਹੀ ਬਦਲ ਗਏ ਹਨ। ਖਾਸ ਕਰਕੇ ਪੰਜਾਬ ਵਿੱਚ ਤਾਂ ਇਹ ਤਿਉਹਾਰ ਹੁਣ ਭੈਣਾਂ ਦਾ ਤਿਉਹਾਰ ਹੀ ਰਹਿ ਗਿਆ ਹ। ਭੈਣ ਲਈ ਤਾਂ ਰੱਖਣੀ ਵੀਰ ਵਾਸਤੇ ਸ਼ੁਭ ਕਾਮਨਾਵਾਂ ਦੀ ਪ੍ਰਤੀਕ ਹੈ। ਭੈਣਾਂ ਜਿੱਥੇ ਵੀ ਹੋਣ, ਇਸ ਦਿਨ ਭਰਾਵਾਂ ਕੋਲ ਪਹੁੰਚ ਕੇ ਪਹਿਲਾਂ ਆਪਣੇ ਵੀਰਾਂ ਦੇ ਮੂੰਹ ਬਰਫੀ ਪਾਉਂਦੀਆਂ ਹਨ, ਫਿਰ ਚੜੇ ਚਾਅ ਨਾਲ ਗੁੱਟ ਤੇ ਰੱਖੜੀ ਬੰਨ੍ਹਦੀਆਂ ਹਨ। ਵੀਰ ਆਪਣੇ ਵਿੱਤ ਅਨੁਸਾਰ ਭੈਣਾਂ ਨੂੰ ਰੱਖੜੀ ਬਨ੍ਹਾਈ ਦੇ ਰੁਪਏ ਦਿੰਦੇ ਹਨ। ਜੇ ਵੀਰ ਦੂਰ ਹੋਣ ਤੇ ਭੈਣਾਂ ਇਸ ਤਿਉਹਾਰ ਮੌਕੇ ਨਾ ਪੁੱਜ ਸਕਣ ਤਾਂ ਉਹ ਰੱਖੜੀ ਨੂੰ ਡਾਕ ਰਾਹੀਂ ਭੇਜ ਦਿੰਦੀਆਂ ਹਨ।

ਟਿੱਕਾ ਭਾਈ ਦੂਜ ਦਿਵਾਲੀ ਦੇ ਤੀਜੇ ਦਿਨ ਹੁੰਦਾ ਹੈ। ਇਸ ਦਿਨ ਭੈਣਾਂ ਭਰਾਵਾਂ ਨੂੰ ਮਿਠਾਈ ਦਿੰਦੀਆਂ ਅਤੇ ਮੱਥੇ ਤੇ ਚੌਲਾਂ ਤੇ ਚੰਦਨ ਦਾ ਟਿੱਕਾ ਲਾਉਂਦੀਆਂ ਹਨ। ਇਹ ਉਨ੍ਹਾਂ ਦੀ ਜਿੱਤ ਦਾ ਤਿਉਹਾਰ ਹੈ। ਇਹ ਕਥਾ ਪ੍ਰਚਿੱਲਤ ਹੈ ਕਿ ਇਸ ਦਿਨ ਸ੍ਰੀ ਰਾਮ ਚੰਦਰ ਜੀ ਆਪਣੀ ਸੈਨਾ ਸਮੇਤ ਅਯੁੱਧਿਆ ਪੁੱਜੇ ਸਨ ਤਾਂ ਸੈਨਿਕਾਂ ਦੀਆਂ ਭੈਣਾਂ ਨੇ ਖੁਸ਼ੀ ਵਿੱਚ ਮਿਠਾਈਆਂ ਵੰਡੀਆਂ ਸਨ ਅਤੇ ਆਪਣੇ ਵੀਰਾਂ ਨੂੰ ਵਿਜੈ ਤਿਲਕ ਲਗਾਏ ਸਨ। ਇਸ ਦਿਨ ਹੀ ਵਿਸ਼ਕਰਮਾ ਦਾ ਜਨਮ ਹੋਇਆ ਸੀ ਜੋ ਸ਼ਿਲਪ-ਕਲਾ ਦਾ ਦੇਵਤਾ ਹੈ। ਇਸ ਦਿਨ ਸਾਰੇ ਸ਼ਿਲਪਕਾਰ ਆਪਣੇ ਸੰਦਾਂ ਤੇ ਔਜਾਰਾਂ ਨੂੰ ਧੋ ਕੇ, ਤੇਲ ਲਾ ਕੇ ਰਾਜ ਤੇ ਬਿਠਾਉਂਦੇ ਹਨ ਅਤੇ ਇਸ ਦਿਨ ਉਨ੍ਹਾਂ ਨਾਲ ਕੰਮ ਨਹੀਂ ਕਰਦੇ।

"ਅਸਲ ਵਿੱਚ ਇਹ ਕਿਰਤ, ਸ਼ਿਲਪ-ਸੰਦਾਂ ਤੇ ਸ਼ਿਲਪ ਦੀ ਪੂਜਾ ਦਾ ਤਿਉਹਾਰ ਹੈ, ਜਿਨ੍ਹਾਂ ਸੰਦਾਂ ਨੇ ਸਮੁੱਚੇ ਸਮਾਜ ਨੂੰ ਸੁਰੱਖਿਅਤ ਸੁੰਦਰ ਤੇ ਸੁਹਾਵਣਾ ਬਣਾਉਣਾ ਹੈ।"

# ਸ਼ੋਕ ਸਮਾਚਾਰ



Col. Makhan Singh (Retd.)
21.06.1937- 19.06.2018

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਦੀ ਮੁੱਢਲੇ ਮੈਂਬਰ ਅਤੇ ਸੇਵਾ ਮੁਕਤ ਕਰਨਲ ਮੱਖਣ ਸਿੰਘ ਜੀ ਤੰਦਰੁਸਤੀ ਭਰੀ 81 ਸਾਲ ਦੀ ਉਮਰ ਭੋਗ ਕੇ ਮਿਤੀ 19-06-2018 ਨੂੰ ਅਕਾਲ ਚਲਾਣਾ ਕਰ ਗਏ ਹਨ। ਕਰਨਲ ਸਾਹਿਬ ਦਾ ਜਨਮ ਮਿਤੀ 21-06-1937 ਨੂੰ ਪਿੰਡ ਟਾਂਡਾ ਜ਼ਿਲ੍ਹਾ ਗੁਜ਼ਰਾਤ ਪਾਕਿਸਤਾਨ ਵਿੱਚ ਪਿਤਾ ਸ. ਮੇਲਾ ਸਿੰਘ ਅਤੇ ਮਾਤਾ ਰਾਧਾ ਪਿਆਰੀ ਦੇ ਗ੍ਰਹਿ ਵਿਖੇ ਹੋਇਆ। ਬਟਵਾਰੇ ਤੋਂ ਬਾਅਦ ਆਪ ਪਰਿਵਾਰ ਸਮੇਤ ਪਿੰਡ ਤੰਦਵਾਲੀ, ਡਾਕਖਾਨਾ-ਤੰਦਵਾਲ, ਤਹਿਸੀਲ-ਬਰਾੜਾ, ਜ਼ਿਲ੍ਹਾ-ਅੰਬਾਲਾ ਹਰਿਆਣਾ ਵਿਚ ਆ ਕੇ ਵੱਸ ਗਏ। ਸੇਵਾ ਮੁਕਤ ਹੋਣ ਤੋਂ ਬਾਅਦ ਮੋਹਾਲੀ ਫੇਸ-7 ਵਿਚ ਆਪਣਾ ਘਰ ਬਣਾ ਕੇ ਰਹਿ ਰਹੇ ਸਨ। ਇਹਨਾਂ ਦਾ ਬਾਗਵਾਨੀ ਦਾ ਬਹੁਤ ਵੱਡਾ ਕਾਰੋਬਾਰ ਹੈ ਅਤੇ ਇਹ ਲੁਬਾਣਾ ਫਾਉਂਡੇਸ਼ਨ ਵਿਖੇ ਵੀ ਬਾਗਵਾਨੀ ਦਾ ਕੰਮ ਦੇਖਦੇ ਸਨ, ਇਸ ਪੱਖੋਂ ਇਹਨਾਂ ਦਾ ਦੇਸ਼ ਅਤੇ ਫਾਉਂਡੇਸ਼ਨ ਪ੍ਰਤੀ ਬਹੁਤ ਵੱਡਾ ਯੋਗਦਾਨ ਹੈ। ਇਹਨਾਂ ਦਾ ਇੱਕ ਪੁੱਤਰ ਸ. ਪ੍ਰੀਤ ਮੋਹਿੰਦਰ ਸਿੰਘ ਅਤੇ ਦੋ ਪੁੱਤਰੀਆਂ ਸਰਦਾਰਨੀ ਹਰਪ੍ਰੀਤ ਕੌਰ ਅਤੇ ਸਰਦਾਰਨੀ ਗੁਰਪ੍ਰੀਤ ਕੌਰ ਹਨ। ਇਹਨਾਂ ਦਾ ਪੁੱਤਰ ਪ੍ਰੀਤ ਮੋਹਿੰਦਰ ਸਿੰਘ ਮੋਹਾਲੀ ਵਿਖੇ ਪਰਿਵਾਰ ਸਮੇਤ ਇਹਨਾਂ ਨਾਲ ਰਹਿ ਰਿਹਾ ਹੈ। ਇਹਨਾਂ ਦਾ ਦਾਮਾਦ ਸ. ਦਵਿੰਦਰ ਸਿੰਘ ਬਬਲਾ ਜੋ ਕਿ ਚੰਡੀਗੜ੍ਹ ਮਿਉਂਸਿਪਲ ਕਾਰਪੋਰੇਸ਼ਨ ਵਿਚ ਕਾਉਂਸਲਰ ਹੈ ਸੈਕਟਰ-27 ਚੰਡੀਗੜ੍ਹ ਵਿਚ ਰਹਿ ਰਹੇ ਹਨ। ਇਹਨਾਂ ਦਾ ਇੱਕ ਭਰਾ ਕਰਨੈਲ ਸਿੰਘ ਜੋ ਕਿ ਗੁੜਗਾਵਾਂ ਵਿੱਚ ਰਹਿੰਦਾ ਹੈ ਅਤੇ ਇਹਨਾਂ ਦੀਆਂ ਭੈਣਾ ਸਰਦਾਰਨੀ ਕੁਲਵੰਤ ਕੌਰ, ਸਰਦਾਰਨੀ ਭੁਪਿੰਦਰ ਕੌਰ ਅਤੇ ਸਰਦਾਰਨੀ ਹਰਜੀਤ ਕੌਰ ਚੰਡੀਗੜ੍ਹ ਵਿਖੇ ਰਹਿ ਰਹੀਆਂ ਹਨ।

ਆਪ ਜੀ ਦੀ ਅੰਤਿਮ ਅਰਦਾਸ 01-07-2018 ਨੂੰ ਗੁਰਦੁਆਰਾ ਸਾਹਿਬ ਸੈਕਟਰ-34 ਚੰਡੀਗੜ੍ਹ ਵਿਖੇ ਕੀਤੀ ਗਈ। ਇਸ ਮੌਕੇ ਤੇ ਪਰਿਵਾਰ ਦੇ ਸਾਰੇ ਮੈਂਬਰ, ਪਤਵੰਤੇ ਸੱਜਣ ਅਤੇ ਸਿਆਸੀ ਲੀਡਰ ਸ਼੍ਰੀ ਪਵਨ ਬਾਂਸਲ ਸਾਬਕਾ ਮੰਤਰੀ ਭਾਰਤ ਸਰਕਾਰ, ਸ. ਬਲਬੀਰ ਸਿੰਘ ਸਿਧੂ ਕੈਬਨਿਟ ਮੰਤਰੀ ਪੰਜਾਬ ਸਰਕਾਰ ਅਤੇ ਸ. ਸੁਖਪਾਲ ਸਿੰਘ ਖਹਿਰਾ ਆਪੋਜ਼ੀਸ਼ਨ ਲੀਡਰ ਪੰਜਾਬ ਵਿਧਾਨ ਸਭਾ ਸ਼ਾਮਿਲ ਹੋਏ। ਪਰਿਵਾਰ ਅਤੇ ਸਭ ਰਿਸ਼ਤੇਦਾਰਾਂ ਵੱਲੋਂ ਸ. ਦਵਿੰਦਰ ਸਿੰਘ ਬਬਲਾ ਐਮ.ਸੀ. ਚੰਡੀਗੜ੍ਹ ਨੇ ਕਰਨਲ ਸਾਹਿਬ ਦੇ ਜੀਵਨ ਬਾਰੇ ਰੋਸ਼ਨੀ ਪਾਈ ਅਤੇ ਪਹੁੰਚੀਆਂ ਸਭ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਉਪਰੰਤ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਨੇ ਦੱਸਿਆ ਕਿ ਕਰਨਲ ਸਾਹਿਬ ਫਾਉਂਡੇਸ਼ਨ ਦੇ ਮੁੱਢਲੇ ਮੈਂਬਰਾਂ ਵਿੱਚੋਂ ਸਨ ਅਤੇ ਕਈ ਸਾਲਾਂ ਤੋਂ ਉਹ ਭਵਨ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਰਹੇ। ਉਹਨਾਂ ਦੀ ਮਿਹਨਤ ਅਤੇ ਸੇਵਾਵਾਂ ਸਦਕਾ ਫਾਉਂਡੇਸ਼ਨ ਦਾ ਬਗ਼ੀਚਾ ਹਮੇਸ਼ਾਂ ਚੰਡੀਗੜ੍ਹ ਵਿਚ ਪਹਿਲੇ ਦਰਜੇ ਤੇ ਰਿਹਾ। ਪ੍ਰਧਾਨ ਜੀ ਨੇ ਫਾਉਂਡੇਸ਼ਨ ਦੇ ਸਾਰੇ ਮੈਂਬਰ ਅਤੇ ਮੈਨੇਜਮੈਂਟ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਅਰਦਾਸ ਕੀਤੀ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਚੜ੍ਹਦੀ ਕਲਾ ਵਿੱਚ ਰਹੇ।

**(ਜਗੀਰ ਸਿੰਘ ਲਾਲੀਆ)**
**ਪ੍ਰਧਾਨ ਬਾਬਾ ਮੱਖਣ ਸ਼ਾਹ**
**ਲੁਬਾਣਾ ਭਵਨ ਚੰਡੀਗੜ੍ਹ।**

## ਸ਼ੋਕ ਸਮਾਚਾਰ

# ਕਈ ਅਭੁੱਲ ਯਾਦਾਂ ਛੱਡ ਗਿਆ ਜਸਵਿੰਦਰ ਸਿੰਘ ਬਿੱਲਾ



Late S. Jaswinder Singh Billa { Ex. Councillor }
Dob 15.02.1972 Exp. on 19.07.2018


ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਤੇ ਸਾਬਕਾ ਕੌਂਸਲਰ ਜਸਵਿੰਦਰ ਸਿੰਘ ਬਿੱਲਾ ਜਲੰਧਰ ਜਿਨ੍ਹਾਂ ਦੀ ਬੇਵਕਤੀ ਮੌਤ 'ਤੇ ਸਾਰੇ ਸ਼ਹਿਰ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ। ਬਿੱਲਾ ਜੀ ਦੀ ਉਮਰ 46 ਸਾਲ ਸੀ। ਇਨ੍ਹਾਂ ਨੇ ਮੁਸ਼ਕਿਲ ਹਾਲਾਤਾਂ ਵਿਚ ਸਖ਼ਤ ਮਿਹਨਤ ਕਰਕੇ ਆਪਣੇ ਆਪ ਨੂੰ ਜਲੰਧਰ ਸ਼ਹਿਰ ਵਿਚ ਸਥਾਪਿਤ ਕੀਤਾ।















ਬਿੱਲਾ ਜੀ ਦਾ ਜਨਮ ਫਰਵਰੀ 1972 ਈ. ਨੂੰ ਪਿੰਡ ਮਿਆਣੀ ਜ਼ਿਲ੍ਹਾ ਕਪੂਰਥਲਾ ਵਿਖੇ ਮਾਤਾ ਮਹਿੰਦਰ ਕੌਰ ਅਤੇ ਪਿਤਾ ਸ. ਹਰਭਜਨ ਸਿੰਘ ਜੀ ਦੇ ਘਰ ਹੋਇਆ। ਆਪ ਜੀ ਦੇ ਤਿੰਨ ਭਰਾ ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਅਤੇ ਬਲਜੀਤ ਸਿੰਘ ਹਨ, ਜੋ ਵਿਦੇਸ਼ ਵਿਚ ਹਨ। ਇਕ ਭੈਣ ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਕਸ਼ਮੀਰ ਸਿੰਘ ਪਿਰੋਜ ਜੋ ਇਟਲੀ ਵਿਚ ਪਰਿਵਾਰ ਸਮੇਤ ਸੈਟਲ ਹੈ। ਆਪ ਜੀ ਨੇ ਪਿੰਡ ਨੰਗਲ ਲੁਬਾਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਮੈਟ੍ਰਿਕ ਦੀ ਵਿਦਿਆ ਪ੍ਰਾਪਤ ਕਰਕੇ ਜਲੰਧਰ ਆ ਕੇ ਮਿਹਨਤ ਕਰਨੀ ਸ਼ੁਰੂ ਕੀਤੀ। ਰਿਅਲ ਅਸਟੇਟ ਦਾ ਕਾਰੋਬਾਰ ਕਰਦਿਆਂ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੋਰ ਸਾਥੀਆਂ ਨਾਲ ਮਿਲ ਕੇ ਕੰਮ ਨੂੰ ਵੱਡੇ ਪੱਧਰ 'ਤੇ ਪਸਾਰ ਲਿਆ। ਆਪ ਜੀ ਦਾ ਵਿਆਹ ਬੀਬੀ ਸਰਬਜੀਤ ਕੌਰ ਕੌਂਸਲਰ ਨਾਲ ਮੁਕੇਰੀਆ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ। ਆਪ ਜੀ ਦੇ ਪਰਿਵਾਰ ਵਿਚ ਦੋ ਬੇਟੀਆਂ ਮਨਪ੍ਰੀਤ ਕੌਰ ਆਸਟ੍ਰੇਲੀਆ ਅਤੇ ਪ੍ਰਭਨੂਰ ਕੌਰ ਹਨ। ਇਕ ਬੇਟਾ ਹਰਲਗਨ ਸਿੰਘ ਹੈਰੀ ਹੈ। ਆਪ ਜੀ ਨੇ ਹੌਲੀ-ਹੌਲੀ ਸਿਆਸਤ ਵਿਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਜਲੰਧਰ ਤੋਂ ਕੌਂਸਲਰ ਚੁਣੇ ਗਏ। ਦੂਜੀ ਵਾਰ ਪੀ.ਪੀ.ਪੀ. ਵੱਲੋਂ ਇਨ੍ਹਾਂ ਦੀ ਧਰਮ ਪਤਨੀ ਬੀਬੀ ਸਰਬਜੀਤ ਕੌਰ ਦੁਬਾਰਾ ਕੌਂਸਲਰ ਚੁਣੇ ਗਏ। ਹੁਣ 2017 ਵਿਚ ਕਾਂਗਰਸ ਪਾਰਟੀ ਤੋਂ ਬੀਬੀ ਸਰਬਜੀਤ ਕੌਰ ਕੌਂਸਲਰ ਹਨ। ਆਪ ਲਗਾਤਾਰ ਤਿੰਨ ਚੋਣਾਂ ਜਿੱਤਣ ਵਾਲੇ ਆਗੂ ਬਣ ਗਏ। ਅਚਾਨਕ 19-7-18 ਆਪ ਜੀ ਨੂੰ ਦਿਲ ਦਾ ਦੌਰਾ ਪਿਆ ਜੋ ਜਾਨਲੇਵਾ ਸਾਬਤ ਹੋਇਆ। ਆਪ ਆਪਣੇ ਪਰਿਵਾਰ ਅਤੇ ਸਾਥੀਆਂ ਨੂੰ ਛੱਡ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।

ਜਸਵਿੰਦਰ ਸਿੰਘ ਬਿੱਲਾ ਇਕ ਚਲਦੀ ਫਿਰਦੀ ਸੰਸਥਾ ਦਾ ਨਾਮ ਸੀ। ਬਿੱਲਾ ਜੀ ਨੇਕ ਦਿਲ, ਮਿਲਣਸਾਰ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਇਨਸਾਨ ਸਨ। ਹਰ ਇਕ ਦੀ ਖੁਸ਼ੀ ਗ਼ਮੀ ਵਿਚ ਉਹ ਜ਼ਰੂਰ ਹਾਜ਼ਰੀ ਲਗਾਉਂਦੇ ਸਨ। ਉਨ੍ਹਾਂ ਨੇ ਹਮੇਸ਼ਾ ਹੀ ਗਰੀਬਾਂ, ਮਜ਼ਦੂਰਾਂ ਦਾ ਮਸੀਹਾ ਬਣ ਕੇ ਕੰਮ ਕੀਤਾ। ਉਸ ਨੇ ਆਪਣੀ ਜੇਬ ਵਿਚੋਂ ਆਪਣੇ ਪਿੰਡ ਮਿਆਣੀ ਦੀ ਲਗਭਗ 2 ਕਿਲੋਮੀਟਰ ਪੱਕੀ ਸੜਕ ਬਣਾਈ। ਗੁਰੂ ਘਰ ਲਈ ਜਲੰਧਰ ਸ਼ਹਿਰ ਵਿਚ ਫ੍ਰੀ ਜ਼ਮੀਨ ਦਿੱਤੀ ਜਿੱਥੇ ਅੱਜਕਲ੍ਹ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਾ ਕੰਪਲੈਕਸ ਉਸਾਰੀ ਅਧੀਨ ਹੈ। ਆਪ ਜੀ ਨੇ ਆਪਣੇ ਹਲਕੇ ਦੇ ਮੰਦਰ, ਸਕੂਲ, ਮਸਜਿਦ, ਸਮਸ਼ਾਨਘਾਟ, ਕਮਿਊਨਿਟੀ ਹਾਲ ਲਈ ਅਤੇ ਵਾਰਡ ਦੀ ਡਿਵੈਲਪਮੈਂਟ ਲਈ ਆਪਣੇ ਕੋਲੋਂ ਵੀ ਪੈਸੇ ਖਰਚੇ। ਆਪ ਜੀ ਦੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਹੈ ਉਥੇ ਇਸ ਦੇ ਸੇਵਾਦਾਰ ਅਤੇ ਨੌਕਰ ਜਿਨ੍ਹਾਂ ਨੂੰ ਪਿਤਾ ਵਰਗਾ ਪਿਆਰ ਕਰਦਾ ਸੀ ਅਤੇ ਉਨ੍ਹਾਂ ਨੂੰ ਸੈਟਲ ਹੋਣ ਲਈ ਕਾਫੀ ਮੱਦਦ ਕਰਦਾ ਸੀ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਤੇ ਸਾਬਕਾ ਕੌਂਸਲਰ ਜਸਵਿੰਦਰ ਸਿੰਘ ਬਿੱਲਾ ਨਮਿੱਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਐਸਟੇਟ ਫੇਜ-2 ਵਿਖੇ ਹੋਇਆ, ਜਿਸ ਵਿਚ ਵੱਖ-ਵੱਖ ਰਾਜਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਸਮਾਜ ਦੇ ਹੋਰਨਾਂ ਵਰਗਾਂ ਨਾਲ ਸਬੰਧਿਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਵਿਛੜੀ ਰੂਹ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਪਰਿਵਾਰ ਦੇ ਬੇਹੱਦ ਕਰੀਬੀ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਸ. ਬਿੱਲਾ ਨਾਲ ਆਪਣੀ ਗੂੜ੍ਹੀ ਸਾਂਝ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਸ. ਬਿੱਲਾ ਦੇ ਤੁਰ ਜਾਣ ਨਾਲ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਬੜਾ ਵੱਡਾ ਘਾਟਾ ਪਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਸ. ਜਸਵਿੰਦਰ ਸਿੰਘ ਬਿੱਲਾ ਵੱਲੋਂ ਲੁਬਾਣਾ ਕੌਮ ਲਈ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕਰਦਿਆਂ ਆਪਣੀ ਸ਼ਰਧਾਂਜ਼ਲੀ ਭੇਟ ਕੀਤੀ। ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਸ. ਜਸਵਿੰਦਰ ਸਿੰਘ ਬਿੱਲਾ ਨੂੰ ਪਾਰਟੀ ਦਾ ਨਿਧੜਕ ਆਗੂ ਤੇ ਲੋਕਾਂ ਦਾ ਸੱਚਾ ਸੇਵਕ ਦੱਸਿਆ। ਮੰਚ ਦਾ ਸੰਚਾਲਨ ਸ. ਸੁਰਜੀਤ ਸਿੰਘ ਮੈਨੇਜਰ ਅਤੇ ਐਡਵੋਕੇਟ ਰੰਧਾਵਾ ਨੇ ਕੀਤਾ ਅਤੇ ਸ. ਬਿੱਲਾ ਵੱਲੋਂ ਸਿਆਸੀ ਅਤੇ ਸਮਾਜਿਕ ਤੌਰ 'ਤੇ ਪਾਏ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਹਲਕਾ ਜਲੰਧਰ ਛਾਉਣੀ ਦੇ ਵਿਧਾਇਕ ਸ. ਪ੍ਰਗਟ ਸਿੰਘ, ਵਿਧਾਇਕ ਰਜਿੰਦਰ ਬੇਰੀ, ਵਿਧਾਇਕ ਜੂਨੀਅਰ ਹੈਨਰੀ, ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ, ਅਕਾਲੀ ਆਗੂ ਸ. ਸਰਬਜੀਤ ਸਿੰਘ ਮੱਕੜ, ਮੇਅਰ ਜਗਦੀਸ਼ ਰਾਜਾ, ਬੀਬੀ ਸੁਰਿੰਦਰ ਕੌਰ ਸੀਨੀਅਰ ਡਿਪਟੀ ਮੇਅਰ, ਪੰਜਾਬ ਕਾਂਗਰਸ ਦੇ ਬੁਲਾਰੇ ਡਾ. ਨਵਜੋਤ ਸਿੰਘ ਦਾਹੀਆ, ਦਰਸ਼ਨ ਲਾਲ, ਹਰਪਾਲ ਸਿੰਘ ਟਾਂਡਾ, ਅਵਤਾਰ ਸਿੰਘ ਡੀ.ਐਸ.ਪੀ., ਮਹਿੰਦਰ ਸਿੰਘ ਡੀ.ਐਸ.ਪੀ., ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਅਜੈਬ ਸਿੰਘ, ਪਰਮਿੰਦਰਜੀਤ ਸਿੰਘ, ਟਹਿਲ ਸਿੰਘ, ਜੋਗਿੰਦਰ ਸਿੰਘ ਅਜੈਬ, ਸੁਰਿੰਦਰ ਸਿੰਘ ਰੂਬੀ, ਕੁਲਵੰਤ ਸਿੰਘ, ਬ੍ਰਿਗੇਡੀਅਰ ਮਨਜੀਤ ਸਿੰਘ, ਗੁਰਮੀਤ ਸਿੰਘ ਨਡਾਲਾ, ਏ.ਆਈ.ਜੀ. ਸ. ਹਰਭਜਨ ਸਿੰਘ ਪਟਿਆਲਾ, ਐਸ.ਪੀ. ਜਗਜੀਤ ਸਿੰਘ, ਕਰਨਲ ਮਨੋਹਰ ਸਿੰਘ, ਕਰਨਲ ਸੂਰਤ ਸਿੰਘ, ਪ੍ਰੋ. ਜਸਵੰਤ ਸਿੰਘ ਬੇਗੋਵਾਲ, ਸ. ਸਵਰਨ ਸਿੰਘ ਜੋਸ਼, ਪ੍ਰਿੰਸੀਪਲ ਸੇਵਾ ਸਿੰਘ, ਈ.ਟੀ.ਸੀ. ਬਲਵਿੰਦਰ ਸਿੰਘ ਮੁਲਤਾਨੀ, ਬਲਦੇਵ ਸਿੰਘ ਸਾਬਕਾ ਐਮ.ਸੀ., ਹੈਡਮਾਸਟਰ ਸਵਰਨ ਸਿੰਘ, ਮਾਸਟਰ ਨਿਸ਼ਾਨ ਸਿੰਘ, ਲੰਬੜਦਾਰ ਜੰਗਬੀਰ ਸਿੰਘ ਬੱਲਾ, ਪ੍ਰਦੀਪ ਕੁਮਾਰ ਆੜ੍ਹਤੀ, ਸੁਖਚੈਨ ਸਿੰਘ ਮੁਰੱਬੀਆ, ਪ੍ਰਿੰ. ਸੁਖਦੇਵ ਸਿੰਘ, ਸ. ਗੁਰਮੀਤ ਸਿੰਘ ਡੀ.ਸੀ.ਪੀ. ਜਲੰਧਰ, ਕਰਨਲ ਵਿਰਕ, ਦਲਬੀਰ ਸਿੰਘ ਮਾਹਲ ਐਡਵੋਕੇਟ, ਯਾਦਵਿੰਦਰ ਸਿੰਘ ਬਾਠ ਡਿਪਟੀ ਚੀਫ਼ ਇੰਜੀਨੀਅਰ, ਡੀ.ਐਸ.ਪੀ. ਲਖਵਿੰਦਰ ਸਿੰਘ, ਗੁਰਮੀਤ ਸਿੰਘ ਅਕਬਰਪੁਰ, ਦਰਸ਼ਨ ਸਿੰਘ ਆਸਟ੍ਰੇਲੀਆ, ਨੂਰਾ ਸਿੰਘ, ਸੀਸ਼ਨ ਸਿੰਘ ਲਾਹੌਰੀਆ, ਪਾਖਰ ਸਿੰਘ ਪੰਡੋਰੀ, ਬਿੱਟੂ ਈਸਰ ਬੁੱਚਾ ਅਤੇ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਦੇ ਪ੍ਰਧਾਨ ਹਰਜੀਤ ਸਿੰਘ ਯੂ.ਐਸ.ਏ. ਵਾਲੇ ਬਿੱਲਾ ਜੀ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ। ਬਹੁਤ ਸਾਰੀਆਂ ਸੁਸਾਇਟੀਆਂ, ਸਪੋਰਟਸ ਕਲੱਬਾਂ, ਧਾਰਮਿਕ ਕਮੇਟੀਆਂ ਵੱਲੋਂ ਬਿੱਲਾ ਜੀ ਦੀ ਬੇਵਕਤੀ ਮੌਤ 'ਤੇ ਸ਼ੋਕ ਸੰਦੇਸ਼ ਭੇਜੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਪ੍ਰਧਾਨ ਜਗੀਰ ਸਿੰਘ ਲਾਲੀਆ, ਜਨਰਲ ਸਕੱਤਰ ਹਰਪ੍ਰੀਤ ਕੌਰ, ਬਲਵਿੰਦਰ ਸਿੰਘ ਮੁਲਤਾਨੀ, ਸ. ਨਿਰਮਲ ਸਿੰਘ, ਗੁਲਸ਼ਨ ਕੁਮਾਰ ਸਿੰਘ, ਸਾਬਕਾ ਪ੍ਰਧਾਨ ਸ. ਹਰਭਜਨ ਸਿੰਘ ਐਸ.ਈ., ਸੁਖਿੰਦਰ ਸਿੰਘ ਰਾਜੂ ਆਦਿ ਸ਼ਾਮਲ ਹੋਏ।

**ਜੋਗਿੰਦਰ ਸਿੰਘ ਅਜੈਬ**

# ਕਾਵਿ-ਕਿਆਰੀ

### ਲਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ

### ਪੱਤੇ



ਪੱਤੇ ਸੁੱਕ ਕੇ ਵੀ ਦਰੱਖਤ ਨੂੰ ਛੱਡਣਾ ਨਹੀਂ ਚਾਹੁੰਦੇ।
ਪਰ ਦਰੱਖਤ ਦੀ ਹਿੱਕ ਵਿੱਚ ਪੈਦਾ ਹੋ ਚੁੱਕੀ ਹੁੰਦੀ ਹੈ।
ਨਵੀਂ ਪੁੰਘਰਾਹਟ।
ਨਵੀਂ ਪੁੰਗਰਾਹਟ ਨੂੰ ਬਹਾਰਾਂ ਦਾ ਸੰਗੀਤ ਸੁਣਦਾ ਹੈ।
ਨਵੀਂ ਪੁੰਗਰਾਹਟ ਨੂੰ ਜੀ ਆਇਆਂ ਕਹਿਣ ਲਈ।
ਲਰਜ਼ਦੀਆਂ ਹਨ ਹਵਾਵਾਂ।
ਸੁੱਕੇ ਪੱਤੇ ਚਾਹੁੰਦਿਆਂ ਹੋਇਆਂ ਵੀ ਆਪਣਾ ਹੱਕ ਖੋਹ ਬੈਠਦੇ ਹਨ।
ਸੁੱਕੇ ਪੱਤਿਆਂ ਦੀ ਕਾਹਦੀ ਜ਼ਿੱਦ?
ਉਨ੍ਹਾਂ ਨੇ ਜਾਣਾ ਹੁੰਦਾ ਹੈ ਕਿਉਂਕਿ ਨਵਿਆਂ ਨੇ ਆਉਣਾ ਹੁੰਦਾ ਹੈ।
ਦਰੱਖਤ ਵਕਤ ਦੇ ਹਾਸ਼ੀਏ ਨਾਲ ਭਲਾਂ ਕਿਵੇਂ ਲੜੇ?
ਨਵੀਆਂ ਬਹਾਰਾਂ ਨੇ ਪੁਰਾਣਿਆਂ ਦੀ ਥਾਂ ਮੱਲਣੀ ਹੈ।
ਗਿਲਾ ਕਰਨਾ ਬਿਲਕੁਲ ਜਾਇਜ਼ ਨਹੀਂ।
ਇਹ ਪ੍ਰਕਿਰਤੀ ਦੀ ਰਚਨਾ ਇਸੇ ਤਰ੍ਹਾਂ ਪ੍ਰਵਨ ਚੜ੍ਹਦੀ ਹੈ।
ਵਕਤ ਹੰਢਾਏ ਮਨੁੱਖ ਨੂੰ ਸੁੱਕੇ ਪੱਤਿਆਂ ਵਾਂਗ ਹੋ ਜਾਣਾ ਚਾਹੀਦਾ ਹੈ।
ਨਵਿਆਂ ਨੂੰ ਜਗ੍ਹਾ ਦੇ ਦੇਣੀ ਚਾਹੀਦੀ ਹੈ।
ਨਹੀਂ ਤੇ ਨਵਿਆਂ ਲਈ ਜਗ੍ਹਾ ਪ੍ਰਕਿਰਤੀ ਆਪ ਬਣਾ ਦਿੰਦੀ ਹੈ।
ਪੁਰਾਣੇ ਖਿਡਾਰੀ ਜੇ ਖੇਡਦੇ ਰਹਿਣਗੇ।
ਤਾਂ ਆਪਣਾ ਵੱਕਾਰਗੁਆ ਬਹਿਣਗੇ।
ਉਮਰਾਂ ਦੇ ਮੁਥਾਜ ਲੋਕ ਦਮ ਤੋੜ ਬਹਿੰਦੇ ਹਨ।
ਉਮਰਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ।
ਨਹੀਂ ਤੇ ਉਮਰ ਤੁਹਾਡੇ ਜ਼ਿੰਦੀ ਹੱਥਾਂ ਵਿੱਚੋਂ।
ਆਪਣੀ ਉਂਗਲ ਛੁਡਾ ਲਵੇਗੀ।

*****

### (1) ਸ਼ਬਦ ਤੇ ਸ਼ਸਤਰ

**ਜਸਵੰਤ ਸਿੰਘ ਕੈਲਵੀ**

ਜ਼ਿੰਦਗੀ ਸੰਘਰਸ਼ ਹੈ ਇਹ ਸੇਜ ਜਾਂ ਬਿਸਤਰ ਨਹੀਂ।
ਸੌਂ ਰਹੇ ਹਾਂ ਵੇਚ ਘੋੜੇ ਹਾਲ ਕੀ ਬਦਤਰ ਨਹੀਂ?

ਵੇਖਿਆ ਮੈਂ ਧੂੜ ਅੰਦਰ ਰੁਲ ਗਈ ਉਹ ਰਲ਼ ਗਈ।
ਕੌਮ ਜਿਹੜੀ ਕੋਲ ਯਾਰੋ ਸ਼ਬਦ ਤੇ ਸ਼ਸਤਰ ਨਹੀਂ।

ਦਿਲ ਮੇਰਾ ਜ਼ਖਮੀ ਹੈ ਯਾਰਾ ਖ਼ੂਨ ਵਗਦਾ ਦੇਖ ਤੂੰ।
ਕਿਸ ਤਰ੍ਹਾਂ ਆਖਾਂ ਉਦ੍ਹੀ ਮੁਸਕਾਨ ਵਿੱਚ ਨਸ਼ਤਰ ਨਹੀਂ?

ਪਾ ਨਹੀਂ ਸਕਦਾ ਉਦੋਂ ਤੱਕ ਚੈਨ ਯਾਰੋ ਆਦਮੀ
ਪਿਆਰ ਦਾ ਜੇ ਕੋਲ ਉਹਦੇ ਲਿਸ਼ਕਤਾ ਅਸਤਰ ਨਹੀਂ।

ਹੈ ਅਮੀਰੀ ਜ਼ਿੰਦਗੀ ਦੀ ਵੰਨ ਸੁਵੰਨਤਾ ਓਸ ਦੀ
ਏਸ ਨੂੰ ਜੋ ਨਸ਼ਟ ਕਰਦੈ ਉਹ ਇਦ੍ਹਾ ਮਿੱਤਰ ਨਹੀਂ।

ਸਿਮਰ ਚੰਡੀ ਯਾਰ ਮੇਰੇ ਵੇਖ ਇਸ ਨੂੰ ਤੂੰ ਬਦਲ
ਅੱਜ ਨਿਆਂ ਭਰਪੂਰ ਇਸ ਸੰਸਾਰ ਦੀ ਬਣਤਰ ਨਹੀਂ।

ਸੱਚ ਨੂੰ ਨੰਗਾ ਕਰੇਂ ਤੂੰ ਵਿੱਚ ਜ਼ਮਾਨੇ 'ਕੈਲਵੀ'
ਕੀ ਤੇਰੇ ਕੋਲੇ ਕੋਈ ਵੀ ਝੂਠ ਦਾ ਵਸਤਰ ਨਹੀਂ?

*****

### (2)

ਨਾ ਇਹ ਰਾਤ ਸੌਂਵੇ ਨਾ ਇਹ ਰਾਤ ਜਾਗੇ।
ਇਦ੍ਹੇ ਦਿਲ 'ਚ ਰੜਕੇ ਕੋਈ ਬਾਤ, ਜਾਗੇ।
ਸਿਤਾਰੇ ਵਿਚਾਰੇ ਕਿਵੇਂ ਨੂਰ ਵੰਡਣ?
ਠਰੇ ਯਾਰ ਸਹਿਮੇ, ਕਿਵੇਂ ਝਾਤ ਜਾਗੇ?
ਭਰੇ ਸਰਦ ਹੌਕੇ ਫਿਰੇ ਪੌਣ ਪਾਗਲ
ਸਿਤਮ ਵੇਖ ਆਖੇ : 'ਕਿ ਪ੍ਰਭਾਤ ਜਾਗੇ'।
ਜਿਵੇਂ ਅੰਬਰ ਅੰਦਰ ਲੁਕੇ ਚੰਨ ਕੋਈ
ਲੁਕੋ ਬਾਲ ਗੋਦੀ ਕੋਈ ਮਾਤ ਜਾਗੇ।
ਨਹੀਂ ਅਸਤ ਹੁੰਦਾ ਰਵੀ ਅਜ਼ਮ ਦਾ ਜੋ
ਇਨ੍ਹਾਂ ਟੋਟਿਆਂ ਵਿੱਚ ਉਦ੍ਹੀ ਜਾਤ ਜਾਗੇ।
ਇਹ ਗੁਜਰੀ ਹੀ ਜਾਣੇ ਕਿਵੇਂ ਰਾਤ ਗੁਜ਼ਰੀ?
ਉਦ੍ਹੇ ਦਿਲ 'ਚ ਕੀ ਕੀ ਸੀ ਜਜ਼ਬਾਤ ਜਾਗੇ?
ਕਹਾਣੀ ਸੁਣਾਵੇ ਇਹੋ ਬੁਰਜ ਠੰਡਾ
ਕਿਵੇਂ ਸਨ ਭਿਆਨਕ ਜੁ ਹਾਲਾਤ ਜਾਗੇ।
ਚਿਣਾਏ ਗਏ ਚੰਨ ਦੋ ਨੀਹਾਂ ਦੇ ਅੰਦਰ
ਅਦਲ ਦਾ ਗਲਾ ਘੁੱਟ ਨਾ ਕਮਜ਼ਾਤ ਜਾਗੇ।
ਸ਼ਹੀਦਾਂ ਦੇ ਕਾਰਨ ਫਲੇ ਜ਼ਿੰਦਗੀ ਇਹ
ਜਦੋਂ ਖ਼ੂਨ ਡੁੱਲ੍ਹੇ ਕਰਾਮਾਤ ਜਾਗੇ।
ਹਰਫ਼ ਇਸ਼ਕ ਦਾ 'ਜਸ' ਮੈਂ ਜਾਣਾ ਨਾ ਕੋਈ
ਮਿਰੇ ਸ਼ਿਅਰ ਅੰਦਰ ਤਿਰੀ ਦਾਤ ਜਾਗੇ।

*****

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# ਸਿਹਤਮੰਦ ਗੱਲਾਂ

ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250



ਕਿਹੜੀ ਧਾਤੂ ਦੇ ਬਰਤਨ ਵਿੱਚ ਭੋਜਨ ਬਣਾਉਣ ਅਤੇ ਖਾਣ ਤੇ ਕੀ-ਕੀ ਲਾਭ-ਹਾਨੀਆਂ ਹੁੰਦੀਆਂ ਹਨ, ਇਸ ਬਾਰੇ ਕੁਝ ਜ਼ਰੂਰੀ ਗੱਲਾਂ ਪੜ੍ਹੋ ਜੀਃ-

1. **ਚਾਂਦੀ** :- ਚਾਂਦੀ ਇੱਕ ਠੰਡੀ ਧਾਤੂ ਹੁੰਦੀ ਹੈ, ਜੋ ਸਰੀਰ ਨੂੰ ਅੰਦਰੋਂ ਠੰਡਕ ਪਹੁੰਚਾਦੀ ਹੈ ਅਤੇ ਸ਼ਾਂਤ ਰੱਖਦੀ ਹੈ। ਚਾਂਦੀ ਦੇ ਬਰਤਨ ਵਿੱਚ ਭੋਜਨ ਬਣਾਉਣ ਅਤੇ ਭੋਜਨ ਖਾਣ ਨਾਲ ਦਿਮਾਗ ਤੇਜ਼ ਹੁੰਦਾ ਹੈ। ਅੱਖਾਂ ਸਵਸੱਥ ਰਹਿੰਦੀਆਂ ਹਨ ਅਤੇ ਵਾਯੂਦੋਸ਼ ਨੂੰ ਨਿਯੰਰਨ ਰੱਖਦੀ ਹੈ।

2. **ਕਾਂਸਾ** :- ਕਾਂਸੇ ਦੇ ਬਰਤਨ ਵਿੱਚ ਖਾਣਾ ਖਾਣ ਨਾਲ ਬੁੱਧੀ ਤੇਜ਼ ਹੁੰਦੀ ਹੈ, ਖ਼ੂਨ ਵਿੱਚ ਸ਼ੁਧਤਾ ਆਉਂਦੀ ਹੈ। ਖ਼ੂਨ ਸ਼ਾਂਤ ਰਹਿੰਦਾ ਹੈ ਅਤੇ ਭੁੱਖ ਵਧਾਉਂਦੀ ਹੈ। ਪਰ ਕਾਂਸੇ ਦੇ ਬਰਤਨ ਵੱਚ ਖੱਟੀ ਚੀਜ਼ ਨਹੀਂ ਪਾਉਂਣੀ ਚਾਹੀਦੀ, ਖੱਟੀ ਚੀਜ਼ ਇਸ ਧਾਤੂ ਨਾਲ ਕਿਰਿਆ ਕਰਕੇ ਜ਼ਹਿਰੀਲੀ ਹੋ ਜਾਂਦੀ ਹੈ। ਜੋ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਕਾਂਸੇ ਦੇ ਬਰਤਨ ਵਿੱਚ ਖਾਣਾ ਬਣਾਉਣ ਨਾਲ ਕੇਵਲ 3 ਪ੍ਰਤੀਸ਼ਤ ਹੀ ਪੋਸ਼ਕ ਤੱਤ ਨਸ਼ਟ ਹੁੰਦੇ ਹਨ।

3. **ਤਾਂਬਾ** :- ਤਾਂਬੇ ਦੇ ਬਰਤਨ ਵਿੱਚ ਰੱਖਿਆ ਪਾਣੀ ਪੀਣ ਨਾਲ ਵਿਅਕਤੀ ਰੋਗ ਮੁਕਤ ਹੋ ਜਾਂਦਾ ਹੈ। ਖ਼ੂਨ ਸ਼ੁੱਧ ਹੁੰਦਾ ਹੈ ਅਤੇ ਸਮਰਣ ਸ਼ਕਤੀ ਚੰਗੀ ਹੁੰਦੀ ਹੈ। ਲੀਵਰ ਸਬੰਧੀ ਸਮਸਿਆਵਾਂ ਦੂਰ ਹੁੰਦੀਆਂ ਹਨ ਅਤੇ ਤਾਂਬੇ ਦੇ ਬਰਤਨ ਵਿਚਲਾ ਪਾਣੀ ਸ਼ਰੀਰ ਦੇ ਜ਼ਹਿਰੀਲੇ ਤੱਤਾਂ ਨੂੰ ਖ਼ਤਮ ਕਰ ਦਿੰਦਾ ਹੈ। ਇਸ ਲਈ ਤਾਂਬੇ ਦੇ ਬਰਤਨ ਵਿਚਲਾ ਪਾਣੀ ਸਿਹਤ ਲਈ ਬਹੁਤ ਉਤਮ ਹੁੰਦਾ ਹੈ। ਤਾਂਬੇ ਦੇ ਬਰਤਨ ਵਿਚਲਾ ਦੁੱਧ ਨਹੀਂ ਪੀਣਾ ਚਾਹੀਦਾ ਇਹ ਸਾਡੀ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ।

4. **ਪਿੱਤਲ** :- ਪਿੱਤਲ ਦੇ ਬਰਤਨ ਵਿੱਚ ਭੋਜਨ ਪਕਾਉਣਾ ਅਤੇ ਖਾਣਾ ਸਿਹਤ ਲਈ ਬਹੁਤ ਲਾਹੇਵੰਦ ਹੁੰਦਾ ਹੈ। ਪਿੱਤਲ ਦੇ ਬਰਤਨ ਵਿੱਚ ਖਾਣਾ ਬਣਾਉਣ ਨਾਲ ਕੇਵਨ 7% ਪੋਸ਼ਕ ਤੱਤ ਹੀ ਨਸ਼ਟ ਹੁੰਦੇ ਹਨ।

5. **ਲੋਹਾ** :- ਲੋਹੇ ਦੇ ਬਰਤਨ ਵਿੱਚ ਬਣਿਆ ਭੋਜਨ ਖਾਣ ਨਾਲ ਸ਼ਰੀਰ ਵਿੱਚ ਸ਼ਕਤੀ ਵਧਦੀ ਹੈ। ਲੋਹ ਧਾਤ ਸਰੀਰ ਵਿੱਚ ਜ਼ਰੂਰੀ ਪੋਸ਼ਕ ਤੱਤ ਵਧਾਉਂਦਾ ਹੈ ਅਤੇ ਇਹ ਕਈ ਰੋਗਾਂ ਨੂੰ ਖ਼ਤਮ ਕਰਦਾ ਹੈ। ਸਰੀਰ ਵਿਚ ਸੋਜਿਸ਼ ਅਤੇ ਪੀਲਾਪਨ ਨਹੀਂ ਆਉਣ ਦਿੰਦਾ ਅਤੇ ਪੀਲੀਆ ਰੋਗ ਨੂੰ ਦੂਰ ਕਰਦਾ ਹੈ।

6. **ਸਟੀਲ** :- ਸਟੀਲ ਦੇ ਬਰਤਨ ਨੁਕਸਾਨ-ਦਾਇਕ ਨਹੀਂ ਹੁੰਦੇ। ਕਿਉਂਕਿ ਇਹ ਨਾ ਗਰਮ ਕਿਰਿਆ ਤੇ ਨੁਕਸਾਨ-ਦੇਹ ਹਨ ਤੇ ਨਾਂ ਹੀ ਠੰਡੀ ਕਿਰਿਆ ਤੇ ਨੁਕਸਾਨ-ਦੇਹ ਹਨ। ਇਸ ਦੀ ਵਰਤੋਂ ਕਰਨ ਨਾਲ ਨਾਤਾਂ ਲਾਭ ਹੀ ਹੁੰਦਾ ਹੈ ਤੇ ਨਾਂ ਹੀ ਨੁਕਸਾਨ ਹੁੰਦਾ ਹੈ।

7. **ਐਲੂਮੀਨਿਯਮ** :- ਐਲੂਮੀਨਿਯਮ ਬਾਕਸਾਈਟ ਦਾ ਬਣਿਆ ਹੁੰਦਾ ਹੈ। ਇਸ ਦੇ ਬਣੇ ਬਰਤਨ ਵਿੱਚ ਬਣਿਆ ਖਾਣਾ ਨੁਕਸਾਨ-ਦੇਹ ਹੁੰਦਾ ਹੈ। ਇਹ ਆਇਰਨ ਅਤੇ ਕੈਲਸ਼ਿਅਮ ਨੂੰ ਸੋਖਦਾ ਹੈ। ਇਸ ਨਾਲ ਹੱਡੀਆਂ ਕਮਜ਼ੋਰ, ਮਾਨਸਿਕ ਬਿਮਾਰੀਆਂ, ਟੀ.ਬੀ., ਅਸਥਮਾਂ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਹੁੰਦੀਆਂ ਹਨ ਅਤੇ ਇਹ 87% ਭੋਜਨ ਦੇ ਤੱਤ ਖ਼ਤਮ ਕਰ ਦਿੰਦਾ ਹੈ।

8. **ਮਿੱਟੀ** :- ਮਿੱਟੀ ਦੇ ਬਰਤਨ ਵਿੱਚ ਖਾਣਾ ਬਣਾਉਣ ਨਾਲ ਅਜਿਹੇ ਪੋਸ਼ਕ ਤੱਤ ਮਿਲਦੇ ਹਨ, ਜੋ ਹਰ ਬਿਮਾਰੀ ਨੂੰ ਸਰੀਰ ਤੋਂ ਦੂਰ ਰੱਖਦੇ ਹਨ। ਮਿੱਟੀ ਦੇ ਬਰਤਨ ਵਿੱਚ ਖਾਣਾ ਬਣਾਉਣ ਨਾਲ ਭੋਜਨ ਦੇ ਪੋਸ਼ਟਿਕ ਤੱਤ ਜਿਵੇਂ ਦੇ ਤਿਵੇਂ ਹੀ ਬਰਕਰਾਰ ਰਹਿੰਦੇ ਹਨ। ਭਲੇ ਹੀ ਮਿੱਟੀ ਦੇ ਬਰਤਨ ਵਿੱਚ ਖਾਣਾ ਬਣਾਉਣ ਤੇ ਸਮਾਂ ਕੁਝ ਜ਼ਿਆਦਾ ਲੱਗਦਾ ਹੈ। ਪਰ ਸਿਹਤ ਨੂੰ ਪੂਰਾ ਲਾਭ ਮਿਲਦਾ ਹੈ। 100% ਪੋਸ਼ਟਿਕ ਤੱਤ ਭੋਜਨ ਵਿਚ ਹੀ ਰਹਿੰਦੇ ਹਨ। ਮਿੱਟੀ ਦੇ ਬਰਤਨ ਵਿਚ ਖਾਣਾ ਖਾਣ ਦਾ ਸਵਾਦ ਵੀ ਅੱਲਗ ਆਉਂਦਾ ਹੈ।

# ਗਰਾਂਟ ਆਫ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ-2018-19

ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਵੱਲੋਂ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਲਈ ਫਾਊਂਡੇਸ਼ਨ ਵੱਲੋਂ ਇਹ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਸਾਲ 2017-18 ਵਿਚ ਭਿੰਨ-ਭਿੰਨ ਸ਼੍ਰੇਣੀਆਂ ਦੇ ਵਿਦਿਆਰਥੀਆ ਤੋਂ ਫਾਰਮ ਪ੍ਰਾਪਤ ਹੋਏ ਅਤੇ ਇਹਨਾਂ ਫਾਰਮਾਂ ਦੇ ਅਧਾਰ ਤੇ ਵਿਦਿਆਰਥੀਆਂ ਨੂੰ ਵਜ਼ੀਫੇ ਵੰਡ ਦਿੱਤੇ ਗਏ । ਸਾਲ 2018-19 , ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਫਾਰਮ ਮੰਗੇ ਜਾ ਰਹੇ ਹਨ। ਵਿਦਿਆਰਥੀ ਵਜ਼ੀਫੇ ਲਈ ਫਾਰਮ ਭਰ ਕੇ 31 ਅਕਤੂਬਰ 2018 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਨੂੰ ਭੇਜ ਦੇਣ। ਇਸ ਸਕੀਮ ਹੇਠਾਂ ਦਿੱਤੇ ਜਾਣ ਵਾਲੇ ਭਿੰਨ-ਭਿੰਨ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਸਾਲ 2018-19 ਦੌਰਾਨ ਦਿੱਤੇ ਜਾਣ ਵਾਲੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਲਈ ਫਾਰਮ ਲੁਬਾਣਾ ਸੇਵਕ ਵਿਚ ਛਾਪੇ ਜਾ ਰਹੇ ਹਨ।

ਮੈਨੇਜਮੈਂਟ ਦੀ ਆਫਿਸ ਬੀਅਰਰ ਦੀ ਮੀਟਿੰਗ 27-07-2018 ਨੂੰ ਹੋਈ, ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਸਕਾਲਰਸ਼ਿਪ ਦੇ ਨਿਯਮ ਉਹ ਹੀ ਰਹਿਣਗੇ ਜਿਹੜੇ ਪਿਛਲੀ ਕਾਰਜਕਾਰਨੀ ਕਮੇਟੀ ਨੇ 19-05-2017 ਵਿਚ ਰੱਖੇ ਸਨ। ਜੋ ਕਿ ਹੇਠ ਲਿਖੇ ਅਨੁਸਾਰ ਹਨः-

**ਸਕਾਲਰਸ਼ਿਪ ਕਮੇਟੀ ਦੇ ਨਿਯਮः-**

1. ਸਕਾਲਰਸ਼ਿਪ ਨੌਵੀਂ ਜਮਾਤ ਤੋਂ ਦਿੱਤੇ ਜਾਣਗੇ ਜਿਸ ਵਿਚ ਅੱਠਵੀਂ ਜਮਾਤ ਦਾ ਬੋਰਡ ਦਾ ਸਰਟੀਫਿਕੇਟ ਜ਼ਰੂਰੀ ਹੋਵੇਗਾ।

2. ਵਿਦਿਆਰਥੀਆਂ ਦੇ ਪਾਸ ਅੰਕ-65 ਪ੍ਰਤੀਸ਼ਤ ਤੋਂ 75 ਪ੍ਰਤੀਸ਼ਤ ਕਰ ਦਿੱਤੇ ਗਏ ਹਨ। ਰੂਰਲ ਵਿਦਿਆਰਥੀਆਂ ਲਈ 70 ਪ੍ਰਤੀਸ਼ਤ ਪਾਸ ਅੰਕ ਅਤੇ ਅਰਬਨ ਵਿਦਿਆਰਥੀਆਂ ਲਈ 75 ਪ੍ਰਤੀਸ਼ਤ ਅੰਕ ਹੋਣੇ ਚਾਹੀਦੇ ਹਨ।

3. ਵਿਦਿਆਰਥੀਆਂ ਦੇ ਮਾਤਾ-ਪਿਤਾ ਦੀ ਸਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ।

4. ਸਕਾਲਰਸ਼ਿਪ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ ਜਿਵੇਂ ਕਿ ਗਰੁਪ-ਡੀ ਵਿੱਚ ਪਹਿਲਾਂ 5 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਂਦੀ ਸੀ ਹੁਣ ਉਹ ਵਧਾ ਕੇ 10 ਸਕਾਲਰਸ਼ਿਪ ਕਰ ਦਿੱਤੇ ਗਏ ਹਨ ਅਤੇ ਕੈਟਾਗਰੀ-ਐਫ ਵਿਚ 1 ਸਕਾਲਰਸ਼ਿਪ ਸੀ, ਜਿਸ ਦੀ ਗਿਣਤੀ ਵਧਾ ਕੇ 5 ਕਰ ਦਿੱਤੀ ਗਈ ਹੈ।

5. ਸਕਾਲਰਸ਼ਿਪ ਰਕਮ ਵਿਚ ਵੀ ਵਾਧਾ ਕੀਤਾ ਗਿਆ ਹੈ ਜਿਵੇਂ ਕਿ ਕੈਟਾਗਰੀ-ਏ ਵਿਚ 300 ਰੁਪਏ ਪ੍ਰਤੀ ਵਿਦਿਆਰਥੀ ਨੂੰ ਸਕਾਰਸ਼ਿਪ ਦਿੱਤਾ ਜਾਂਦਾ ਸੀ ਹੁਣ ਉਹ ਵਧਾ ਕੇ 500 ਰੁਪਏ ਪ੍ਰਤੀ ਵਿਦਿਆਰਥੀ ਕੀਤਾ ਗਿਆ ਹੈ।

ਕੈਟਾਗਰੀ-ਬੀ ਅਤੇ ਸੀ ਵਿਚ 400 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੇ ਗਏ ਹਨ।

ਕੈਟਾਗਰੀ ਡੀ ਵਿਚ 500 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤੇ ਗਏ ਹਨ। ਕੈਟਾਗਰੀ ਈ ਵਿਚ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤੇ ਗਏ ਹਨ।

6. ਸਕਾਲਰਸ਼ਿਪ ਪਾਲਿਸੀ ਵਿਚੋਂ ਮੈਨੇਜਮੈਂਟ ਕੋਟੇ ਨੂੰ ਖਤਮ ਕਰ ਦਿੱਤਾ ਗਿਆ ਹੈ।

7. ਵਿਦਿਆਰਥੀਆਂ ਦੇ ਸਕਾਲਰਸ਼ਿਪ ਫਾਰਮ ਆਪਣੇ ਇਲਾਕੇ ਦੇ ਰਿਜ਼ਨਲ ਪ੍ਰਧਾਨ (ਫਾਊਂਡੇਸ਼ਨ) ਵੱਲੋਂ ਤਸਦੀਕ ਕਰਵਾ ਕੇ ਹੀ ਭੇਜੇ ਜਾਣ।

8. ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਕਰੇਗੀ।

9. ਸਕਾਲਰਸ਼ਿਪ ਦਾ ਪੈਸਾ ਸਿਰਫ ਵਿਦਿਆਰਥੀ ਦੇ ਖਾਤੇ ਵਿੱਚ ਹੀ ਟਰਾਂਸਫਰ ਕੀਤਾ ਜਾਵੇਗਾ।

Application Regd. No.__________

# Baba Makhan Shah Lobana Foundation (Regd.)

**Sector-30-A, Chandigarh-160030 Phone: - 0172-2657340**

## APPLICATION FORM

Affix Passport Size Photo

**Merit, Merit Cum-Means Scholarship for Academic Year-2018-19**

1. Name of Applicant________________________________
(In Block Letters)
2. i) Father's Name:- ________________________________
ii) Mother's Name: - ________________________________
ii) Occupation ________________________________
3. Caste ________________________________
4. Address for Correspondence :- Village :- ______________ ______________
Post office :- ______________Police Station:-______________ ______________
Tehsil :-________________________________
Distt-:-______________ Pin Code:______________
5. Permanent Address :-________________________________
Contact No. - Mobile: ______________ STD Code: - ________Landline No.____________
6. Class in which studying________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Marksheet) |
| | | | | Indicate Board/University Examination (Attach Marksheet) |
| | | | | For Merit Scholarship only (85% and above Marks) |

8. Were you granted scholarship last year : Yes/No
If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.
ii) Attach income certificate from the employer (mandatory)
iii) Land holding to be verified by revenue officer from his office record.
iv) Income verified by the Sarpanch and counter signed by BDPO/ Ex ecutive Committee Member of BMSL Chandigarh

10. Signatures a) Student: ____________________ dated __________
b) Father-Guardian ________________ dated __________

11. Name of the Bank_________________________________ Place:-______________
Online Account No. ______________________IFSC Code:- ____________________

12. Identity Document:-Adhaar Card/ Election Card/ Ration Card
Note: - List of documents to be attached with application:-
I) Self attested photocopy of mark sheet
ii) Self attested any other educational document, if any

13. Certificate of the Head of the institution :
Certified that the applicant is a regular student of class _________ in this school/ college and particulars as shown above are correct

Place: - Signature _________________
Dated: - Name ____________________

Designation Stamp/Seal

1. Certify that the above facts stated are correct & true to my knowledge.
Recommended by the Executive Committee Member of the region with designation, address and Membership Number of BMSL, Chandigarh.

Official seal

Signature _______________
Name in capital lettersa

## FOR OFFICE USE ONLY

i) Date of application received _________________________
ii) Noa. of enclosures with the application ________________
iii) Completion/ correctness of the applicant
Verified by Manger
iv) Signature of the Convener

**Manager** **Convenor**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਰਿਟ-ਕੰਮ ਮੀਨਜ ਸਕਾਲਰਸ਼ਿਪ ਸਕੀਮ ਦੇ ਨਿਯਮ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) , ਚੰਡੀਗੜ੍ਹ 1996 ਤੋਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰ ਰਹੀ ਹੈ । ਫਾਊਂਡੇਸ਼ਨ ਦੀ ਸਲਾਨਾ ਆਮਦਨ ਦਾ 10 ਵਾਂ ਹਿੱਸਾ ਲੋਕ ਭਲਾਈ ਲਈ ਵਰਤਿਆ ਜਾਂਦਾ ਹੈ । ਇਸ ਦੇ ਨਾਲ-ਨਾਲ ਫਾਊਂਡੇਸ਼ਨ ਵਲੋਂ ਜਦੋਂ ਵੀ ਵਿਦਿਆਰਥੀ ਆਪਣੀ ਕੋਚਿੰਗ, ਟਰੇਨਿੰਗ ਅਤੇ ਸੈਮੀਨਾਰ ਲਈ ਚੰਡੀਗੜ੍ਹ ਆਉਂਦੇ ਹਨ, ਉਨ੍ਹਾਂ ਨੂੰ ਬਹੁਤ ਹੀ ਘੱਟ ਰੇਟ ਤੇ ਰਹਿਣ ਦੀ ਸੁਵਿਧਾ ਦਿੱਤੀ ਜਾਂਦੀ ਹੈ । ਵਰਤਮਾਨ ਸਮੇਂ ਵਿਚ ਹਰ ਸਾਲ ਲਗਪਗ 50 ਤੋਂ ਜਿਆਦਾ ਵਿਦਿਆਰਥੀ ਫਾਊਂਡੇਸ਼ਨ ਵਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਲਾਭ ਲੈ ਰਹੇ ਹਨ ਜਿਸ ਦੇ ਵਿਚ ਪੇਂਡੂ ਇਲਾਕੇ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਜਾਤੀ ਧਰਮ ਦੇ ਵਿਦਿਆਰਥੀ ਨੂੰ ਇਹ ਲਾਭ ਦਿੱਤੇ ਜਾਂਦੇ ਹਨ ।

ਮੈਰਿਟ-ਕੰਮ-ਮੀਨਜ ਸਕਾਲਰਸ਼ਿਪ :- ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਬੋਰਡ ਅਤੇ ਯੂਨੀਵਰਸਿਟੀ ਦੀ ਪ੍ਰੀਖਿਆ ਵਿਚ 75% ਅੰਕ ਪ੍ਰਾਪਤ ਕਰਦੇ ਹਨ । ਸਕਾਲਰਸ਼ਿਪ ਨੌਵੀਂ ਤੇ ਦੱਸਵੀਂ, ਗਿਆਰਵੀਂ, ਬਾਰ੍ਹਵੀਂ ਅਤੇ ਹਰ ਪ੍ਰਕਾਰ ਦੀ ਅਕਾਦਮਿਕ ਯੋਗਤਾ ਅਤੇ ਕਿੱਤਾ ਮੁੱਖੀ ਪੇਂਡੂ ਤੇ ਸ਼ਹਿਰੀ ਵਿਦਿਆਰਥੀਆਂ ਦੇ ਅਧਾਰ ਤੇ ਦਿੱਤੇ ਜਾਂਦੇ ਹਨ ।

ਮੈਰਿਟ ਕੰਮ ਮੀਨਜ ਸਕਾਲਰਸ਼ਿਪ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨ :-

ੳ) ਸਕਾਲਰਸ਼ਿਪ ਭਾਰਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਂਦੇ ਹਨ ।

ਅ) ਸਕਾਲਰਸਿਪ ਫਾਰਮ ਚੰਗੀ ਤਰ੍ਹਾ ਭਰ ਕੇ ਰਿਜਨਲ ਪ੍ਰਧਾਨਾਂ ਦੇ ਦਸਖਤਾਂ ਰਾਹੀਂ 31 ਅਕਤੂਬਰ 2018 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ ।

ੲ) ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ ।

ਸ) ਪੇਂਡੂ ਇਲਾਕੇ ਵਿਚ 70% ਅਤੇ ਸ਼ਹਿਰੀ ਇਲਾਕੇ ਵਿਚ 75% ਅੰਕ ਹੋਣ ਵਾਲੇ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ।

ਹ) ਸਕਾਲਰਸ਼ਿਪ 12 ਮਹੀਨੇ ਲਈ ਦਿੱਤਾ ਜਾਂਦਾ ਹੈ ਜਿਵੇਂ ਕਿ ਬਾਰ੍ਹਵੀਂ ਤੱਕ ਅਪ੍ਰੈਲ ਤੋਂ ਲੈ ਕੇ ਮਾਰਚ ਤੱਕ ਅਤੇ ਬਾਕੀ ਜੁਲਾਈ ਤੋਂ ਲੈ ਕੇ ਜੂਨ ਤੱਕ ।

ਕ) ਹਰ ਸਾਲ ਧਿਆਨ ਨਾਲ ਨਵੇ ਫਾਰਮ ਭਰ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਜਮਾ ਕਰਵਾਉਣ।

(ਜਗੀਰ ਸਿੰਘ ਲਾਲੀਆ)
ਪ੍ਰਧਾਨ

# GRANT OF MERIT, MERIT-CUM-MEANS SCHOLARSHIP SCHEME 2018-19

| Sr No | Sub Sr. No. | Board Or University In Which Studying | Courses & Class | Min Pass % age | Annual Income Parents/ Guardian | No. of Scholarship | Amt. of Scholarship (In Rs.) |
|---|---|---|---|---|---|---|---|
| 1 | A | . | 9th & 10th (Based on the result of 8th Class) | 75% | 3 Lac | 30 | 500 |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 75 % | 3 Lac | 30 | 500 |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 75 % | 3 Lac | 20 | 500 |
| | D | B.A./B.sc/ B.Com (University) | M.Sc.,MA/ M.Com (I&II), B.Ed, L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed, M.Sc Nursing | 75 % | 3 Lac | 10 | 1000 |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS ,BAMS, BHMS, or selected in Entrance test | 75 % | 3 Lac | 10 | 1500 |
| | F | Graduation Degree * | M. Tech., I.I.M. * selected in entrance test of Professional courses. | 75 % | 3 Lac | 5 | 1500 |
| 3 | A | Misce-Laneous Compassion Basis | Wards of Soldiers died in War/ Insurgency against militancy and handicapped Parents/ Students (to be decided by the Committee). | --- | ----- | Lump Sum | 10000 |

# MERCHANT NAVY

**Er. Parminderjit Singh**
**99153-57524**

This career on high seas involves hard work. monotonous routines and continuous long periods (ranging upto six months) away from shope. This stretch of labour is well compesnsated for by equally long periods of leave. The Ship's engine, hydraulic and fuel system, distribution system, electric generating plant, boilers and pums are all look after by the marine Engineers, Ship's operations, navigation, discipline, maintenance and all plannings are taken care of by the Captain of the Ship and his assistants.

Career in Merchant Navy is best suited to those who are adventurous, love challenges and love to travel. Merchant Navy offers exciting Career prospects, attractive salary and option to serve in India and abroad.

Training Ship 'Chanakya', Navi Mumbai/Marine Engineering Research Institute, Kolkata

TS Chanakya prepares cadets for the navigation discipline (Master Chief officer etc.) and MERI likewise prepares candidates for Marine Engineering disciplin (Chief Engineer, Second Engineer etc.) The highest post that a navigating officer can expect to attain on board a merchant ship is that of the master of the Ship (Captain). While in the care of Marine Engineer, the highest post is that of the Chief Engineer of the Ship.

**Course A :** B Sc (Nautical Science)

**Branch :** Navigation Course on TS Rajendra, Navi Mumbai (90 Seats)

**Duration :** (90 seats)

**Course B :** Marine Engineering

**Branch :** Meri, Kolkata (120 seats)

**Duration :** 4 Years

Indian male citizens seeking admission to the 3 year Navigation Course leading to the B Sc (Nautical Science) Degree on TS Chanakya (formerly TS Rajendra), Mumbai and 4 Year Marine Engineering Course at Marine Engineering Research Institute (Formerly known as Directorate of Marine Engineering Training), Kolkata are required to take the joint Entance Examination. to be conducted by IITs in the month of may.

**Entrance Examination :** The joint Entrance Examination conducted by IITs will consist of three subject: Physics, Chemistry and mathematics (to be answered either in English or Hindi)

The selection for the courses at T.S., 'Chanakya' and MERI, Kolkata will be based on the Extended Merit List provided by IITs. Final selection shall be on the basis of candidate's performance in the Joint Entrance Examination of IITS as well as the personal interview/Conselling, subject to meeting the prescribed medical fitness.

The Training programmes at the Institutions will be conducted in "English only"

Future Prospects: on successful completion, cadets would be eligible for postitons in Merchant navy as Navigation Officer/Marine Engineer on Ship both in India and abroad, offering attractive salary and exciting career prospects.

**Reservations :** SC 15 per cent, ST 7.5 per cent provided suitable candidates must have passed standard XII under the 10+2 system or equivalent examinatin with individual passing in Mathematcs, Physics and Chemistry as separate subjects. Candidates who have appeared or intend to appear at any such examination will be accepted provisionally, provided they furnish proof of having passed the examination at the time of Interview and counselling or latest by the times of joining the courses.

**Age Limit :** Candidates must not exceed the age limit of 20 years as on October I of the Year of examination, The upper age limit for SC/ST candidates is 25 years.

**How to Apply :** Information Brochure containing detailed information about the two Institutes Med. ical Standards and other details can be obtained in the month of January/February from the (1) Directorate General of Shipping, Jahaz Bhavan, W.H. Marg Ballard Estate. Mumbai-400001 (2) TS Chanakya, Karave. Meral, Navi Mumbai

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ


## ਮਿਤੀ 25-06-2018 ਤੋਂ 16-07-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ਼੍ਰੀ ਪ੍ਰੀਤ ਮਹਿੰਦਰ ਸਿੰਘ<br>ਪੁੱਤਰ ਕਰਨਲ ਮੱਖਣ ਸਿੰਘ ਜੀ<br>ਮਕਾਨ ਨੰ-2094, ਫੇਸ-7, ਸੈਕਟਰ-61, ਮੋਹਾਲੀ।<br>(ਆਪਣੇ ਪਿਤਾ ਜੀ ਦੀ ਅੰਤਿਮ ਅਰਦਾਸ ਤੇ ਭਵਨ ਨੂੰ ਸਤਿਕਾਰ ਸਹਿਤ ਦਾਨ ਦਿੱਤਾ।) | 1100/- | ਐਚ-9729 | 02-07-2018 |
| 2. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16 ਪੰਚਕੂਲਾ (ਹਰਿਆਣਾ) | 1000/- | ਐਚ-9730 | 06-07-2018 |
| 3. | ਪੰਡਿਤ ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾਂ ਫਾਉਂਡੇਸ਼ਨ ਸੈਕਟਰ 30ਏ, ਚੰਡੀਗੜ੍ਹ। | 1100/- | ਐਚ-9733 | 16-07-2018 |
| 4. | ਮੇਜਰ ਐਨ.ਐਸ. ਮੁਲਤਾਨੀ<br>ਮਕਾਨ ਨੰ-1089, ਫੇਸ-10, ਮੋਹਾਲੀ। | 200/- | ਐਚ-9734 | 16-07-2018 |
| 5. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਐਚ-9735 | 16-07-2018 |
| 6. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>#795, ਫੇਸ-3ਬੀ-1, ਮੋਹਾਲੀ। | 500/- | ਐਚ-9736 | 16-07-2018 |
| 7. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ-62, ਸੈਕਟਰ-71, ਮੋਹਾਲੀ। | 500/- | ਐਚ-9737 | 16-07-2018 |
| 8. | ਸ਼੍ਰੀ ਸੁਰੇਸ਼ ਸ਼ਰਮਾ<br>ਮਕਾਨ ਨੰ-652, ਸੈਕਟਰ-8-ਬੀ ਚੰਡੀਗੜ੍ਹ। | 500/- | ਐਚ-9738 | 16-07-2018 |
| 9. | ਗੁਪਤ ਦਾਨ | 200/- | ਐਚ-9739 | 16-07-2018 |
| 10. | ਸ. ਗੁਰਬਚਨ ਸਿੰਘ<br>ਮਕਾਨ ਨੰ-2808/2, ਸੈਕਟਰ-47 ਸੀ, ਚੰਡੀਗੜ੍ਹ। | 100/- | ਐਚ-9740 | 16-07-2018 |
| 11. | ਸ. ਸੁਰਿੰਦਰ ਸਿੰਘ<br>ਮਕਾਨ ਨੰ-3040, ਸੈਕਟਰ-47, ਚੰਡੀਗੜ੍ਹ। | 200/- | ਐਚ-9741 | 16-07-2018 |
| 12. | ਸ. ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਚੰਡੀਗੜ੍ਹ।<br>ਮਕਾਨ ਨੰ-43, ਮਨੀ ਮਾਜਰਾ। | 500/- | ਐਚ-9742 | 16-07-2018 |

| | | | | |
|---|---|---|---|---|
| 13. | ਸ. ਰਵਿੰਦਰ ਸਿੰਘ | 200/- | ਐਚ-9743 | 16-07-2018 |
| | ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ, ਚੰਡੀਗੜ੍ਹ। ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | | | |
| 14. | ਗੁਪਤ ਦਾਨ | 100/- | ਐਚ-9744 | 16-07-2018 |
| 15. | ਸ. ਬਲਵਿੰਦਰ ਸਿੰਘ ਮੁਲਤਾਨੀ | 200/- | ਐਚ-9745 | 16-07-2018 |
| | ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ। # 541, ਫੇਸ-3, ਮੋਹਾਲੀ। | | | |
| 16. | ਸ਼੍ਰੀਮਤੀ ਗੁਰਲੀਨ ਕੌਰ, ਪਤਨੀ ਸ਼੍ਰੀ ਮੁਕੁਲ ਸ਼ਰਮਾ | 200/- | ਐਚ-9746 | 16-07-2018 |
| | ਮਕਾਨ ਨੰ-652, ਸੈਕਟਰ-8-ਬੀ ਚੰਡੀਗੜ੍ਹ। | | | |
| 17. | ਸ. ਜਸਬੀਰ ਸਿੰਘ | 100/- | ਐਚ-9747 | 16-07-2018 |
| | ਮਕਾਨ ਨੰ-1004, ਸਕੈਟਰ-68, ਮੋਹਾਲੀ। | | | |
| 18. | ਮੇਜਰ ਤਰਲੋਕ ਸਿੰਘ | 500/- | ਐਚ-9748 | 16-07-2018 |
| | ਮਕਾਨ ਨੰ-62, ਸੈਕਟਰ-71, ਮੋਹਾਲੀ। | | | |
| 19. | ਸ਼੍ਰੀ ਹੇਮਰਾਜ, ਉਤਰਾਖੰਡ | 100/- | ਐਚ-9749 | 16-07-2018 |
| 20. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ, | 200/- | ਐਚ-9750 | 16-07-2018 |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30ਏ, ਚੰਡੀਗੜ੍ਹ। ਮਕਾਨ ਨੰ-2354, ਫੇਸ-10 ਮੋਹਾਲੀ। | | | |
| 21. | ਸ. ਜਗੀਰ ਸਿੰਘ ਲਾਲੀਆ | 500/- | ਐਚ-9751 | 16-07-2018 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30ਏ, ਚੰਡੀਗੜ੍ਹ। ਮਕਾਨ ਨੰ-1838, ਸੈਕਟਰ-7, ਮੋਹਾਲੀ। | | | |
| 22. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਐਚ-9752 | 16-07-2018 |
| | ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ ਚੰਡੀਗੜ੍ਹ। ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | | | |
| 23. | ਸ. ਗੁਰਚਰਨ ਸਿੰਘ ਪੇਲੀਆ | 200/- | ਐਚ-9753 | 16-07-2018 |
| | ਸਾਬਕਾ ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਸੈਕਟਰ-30-ਏ ਚੰਡੀਗੜ੍ਹ। ਮਕਾਨ ਨੰ-763, ਸੈਕਟਰ-40ਏ, ਚੰਡੀਗੜ੍ਹ। | | | |
| 24. | ਸ. ਸੁਖਵਿੰਦਰਪਾਲ ਸਿੰਘ ਮੁਲਤਾਨੀ, | 500/- | ਐਚ-9754 | 16-07-2018 |
| | ਪੁੱਤਰ ਲੇਟ. ਅਮਰੀਕ ਸਿੰਘ ਮੁਲਤਾਨੀ, ਸਾਬਕਾ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ। ਮਕਾਨ ਨੰ-2102, ਫੇਸ-10, ਮੋਹਾਲੀ। | | | |
| 25. | ਕਰਨਲ ਪਿਆਰਾ ਸਿੰਘ (ਰਿਟਾ.) | 500/- | ਐਚ-9755 | 23-07-2018 |
| | 447, ਅਰਬਨ ਐਸਟੇਟ, ਫੇਸ-1, ਜਲੰਧਰ। | | | |



# MATRIMONIAL



Suitable match for lobana sikh girl Navdeep Kaur D.o.b-05/06/1991, 5’7”, MCA, Sub Inspector Punjab Police. Required Govt or Businessman Family.

Cont. 98767-48455, 85281-73141

* * * * *

Suitable match for beautiful lobana girl d.o.b-28-09-1992, 5’2”, slim, education qualification ANM, GNM, Job in private hospital Fortis Mohali, living in Chandigarh. Boy should be settledi n Canada, USA. Cont. 97804-26799

* * * * *

Suitable match for lobana sikh boy age 26 years height 5'10". B.tech (software developer) fair, slim, good looking. Presently working at Banglore, annual salary Rs. 20lac. Mother and father in govt service. Preferred simple sober beautiful and well educated girl. Contact 9466822688

* * * * *

Medico/Dentico SM for Lobana sikh amritdhari boy 5'8", 30, Dental Surgeon, running own clinic, handsome earning, Father retd. Senior Manager PNB, mother serving Math. mistress. Elder sister dental surgeon, married. Younger brother M.B.B.S., PCMS caste no bar. Mob no. 6239075962 .Whatsapp 9872895122.

* * * * *

Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of

Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Suitable match for a beautiful lobana girl height 5'3" DOB March 1992, Education- M.Com 1st Division and B.Com Honors by Delhi University, Experience in teaching Delhi Public School. Father retired from Delhi Police. Now settled in Jalandhar.

Cont.- 88268-18449, Email Id- preeti070392@gmail.com

* * * * *

Suitable match for a beautiful lobana girl height 5'4" Dob-29-07-1992, Edication-10th+2 (Non Medical), Engineering (ECE). Residence of Mohali, Father-Late.Gurmeet Singh, Mother-Inderpreet Kaur. Cont-98765-79614,89681-83933, EmailId-sukhpreet92leo@ymail.com.

* * * * *

PROFESSIONALLY QUALIFIED GIRL REQUIRED FOR LOBANA SIKH BOY. BORN APRIL'1991, 5.10FT, BE, MBA (FIN), MNC ASSTT MANAGER.

CONTACT - 09417145424, 08360907886.

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼

Regd No. 32212/78 Postal No.-- G/CHD/0111/2018-2020

# Working Committee Meeting on -18-07-18





ਸਵ. ਜਸਵਿੰਦਰ ਸਿੰਘ ਬਿੱਲਾ ਜੀ ਦੀ ਪੁਰਾਣੀ ਯਾਦਗਾਰੀ ਤਸਵੀਰ